# ਸੋਚ ਦਾ ਸਫ਼ਰ

## ਭਾਗ 1


ਵਾਇਆ

ਅਵਤਾਰ ਤਰਕਸ਼ੀਲ ਨਿਊਜ਼ੀਲੈਂਡ

ਜੱਦੀ ਪਿੰਡ ਖੁਰਦਪੁਰ (ਜਲੰਧਰ)

## ਲੇਖਕ ਬਾਰੇ

ਅਵਤਾਰ ਤਰਕਸ਼ੀਲ ਭਾਜੀ ਲਗਭਗ ਸਾਢੇ ਤਿੰਨ ਦਹਾਕਿਆਂ ਤੋਂ ਕਿਤਾਬ ਪ੍ਰਵਾਹ ਨਾਲ ਜੁੜੇ ਹੋਏ ਹਨ। ਉਹਨਾਂ ਜਿਥੇ ਕਾਰੋਬਾਰੀ ਤੌਰ ਤੇ ਮਿਸਾਲੀ ਤਰੱਕੀ ਹਾਸਿਲ ਕੀਤੀ ਹੈ। ਉੱਥੇ ਹੀ ਸ਼ਬਦ ਪ੍ਰਵਾਹ ਦੇ ਵਿਗਿਆਨਕ ਰੂਪ ਨੂੰ ਲੋਕਾਂ ਵਿਚ ਲੈ ਕੇ ਜਾਣ ਵਿਚ ਵੀ ਮਿਸਾਲੀ ਜਜ਼ਬਾਤੀ ਕੰਮ ਕੀਤਾ ਹੈ। ਉਹਨਾਂ ਨੂੰ ਨਿਊਜ਼ੀਲੈਂਡ ਵਿਚ ਕੋਈ ਪਾਠਕ ਮਿਲ ਜਾਵੇ, ਉਸ ਦੀ ਸ਼ਬਦੀ ਭੁੱਖ ਮਿਟਾਉਣ ਲਈ ਹਰ ਯਤਨ ਕਰਦੇ ਹਨ। ਉਹਨਾਂ ਦੀ ਵਾਹ ਰਹਿੰਦੀ ਹੈ ਕਿ ਵਿਚਾਰਕ ਤੌਰ ਤੇ ਕੋਈ ਭੁੱਖਾ ਨਾ ਰਹੇ, ਇਸ ਲਈ ਆਪਣੀ ਜੇਬ ਵਿਚੋਂ ਪੈਸੇ ਲਾਉਣ ਵੇਲੇ ਵੀ ਉਹ ਜੇਬ ਨੂੰ ਬਕਸੂਏ ਨਹੀਂ ਲਾਉਂਦੇ। ਪਿਛਲੇ ਕੁਝ ਸਮੇਂ ਤੋਂ ਉਹਨਾਂ ਲਿਖਣਾ ਸ਼ੁਰੂ ਕੀਤਾ ਹੈ। ਉਹਨਾਂ ਦੀ ਲਿਖਤ ਵਿਚ ਵਿਗਿਆਨ, ਜਜ਼ਬਾ, ਹਿੰਮਤ, ਸੋਚ ਅਤੇ ਜ਼ਿੰਦਗੀ ਨੂੰ ਬੇਹਤਰ ਬਣਾਉਣ ਦੇ ਸਾਰੇ ਨੁਕਤੇ ਸ਼ਾਮਿਲ ਹਨ। ਉਮੀਦ ਹੈ ਕਿ ਤੁਸੀਂ ਇੱਕਲੀ ਇਕੱਲੀ ਲਿਖਤ ਨੂੰ ਉਕਤ ਪੀ.ਡੀ.ਐਫ ਕਿਤਾਬਚੇ ਰਾਹੀਂ ਪੜੋਂਗੇ ਹੀ ਨਹੀਂ, ਸਗੋਂ ਅੱਗੇ ਵੀ ਸਾਂਝੇ ਕਰੋਂਗੇ ।

*–ਤਰਨਦੀਪ ਬਿਲਾਸਪੁਰ*


**Design & Layout**
Innovative Web Solutions
www.innovativeweb.co.nz

ਅਵਤਾਰ ਤਰਕਸ਼ੀਲ ਨਿਊਜ਼ੀਲੈਂਡ

# ਸੋਚ ਦਾ ਸਫ਼ਰ

## ਭਾਗ 1

**ਸੰਪਾਦਨ**

ਪੰਜਾਬ ਵਿਰਾਸਤ ਭਵਨ ਅਤੇ ਲਾਇਬ੍ਰੇਰੀ ਆਕਲੈਂਡ
202 ਗ੍ਰੇਟ ਸਾਊਥ ਰੋਡ, ਮੈਨੁਰੇਵਾ, ਆਕਲੈਂਡ - 2102

# ਤਤਕਰਾ


| | | |
|---|---|---|
| # 1 | ਜਦੋਂ ਇੱਕ ਪੰਜਾਬੀ ਕਿਸਾਨ ਨੇ ਮੈਨੂੰ 6 ਡਾਲਰ ਘੰਟੇ ਦੇ ਦਿੰਦਿਆਂ ਕੰਮ ਤੋਂ ਕੱਢ ਦਿੱਤਾ ਅਤੇ 100 ਡਾਲਰ ਘੰਟੇ ਤੇ ਦੁਬਾਰਾ ਰੱਖਿਆ ''ਸੱਚ ਤੇ ਅਧਾਰਤ ਘਟਨਾ'' | page 1 |
| # 2 | ਬਿਨਾਂ ਹੱਥ ਜੋੜਨ ਤੋਂ ਅਤੇ ਬਿਨਾਂ ਮੱਥਾ ਰਗੜਨ ਤੋਂ ਨਾਸਤਿਕਾਂ ਦੇ ਮੁਲਕ ਨਿਊਜ਼ੀਲੈਂਡ ਨੇ ਕਰੋਨਾ ਵਾਇਰਸ ਨੂੰ ਪਾਈ ਨੱਥ ''ਮੁਲਕ ਦੇ ਸਭ ਹਸਪਤਾਲ ਮਰੀਜ਼ਾਂ ਤੋਂ ਮੁਕਤ'' | page 6 |
| # 3 | ਰਿਸ਼ਵਤਖੋਰੀ – ਅਸਲੀ ਜ਼ਿੰਮੇਵਾਰ ਕੌਣ ? | page 10 |
| # 4 | ਬਚ ਲਵੋ ਜਿਸ ਤੋਂ ਬਚ ਸਕਦੇ ਹੋ | page 15 |
| # 5 | ਪੈਸੇ ਦੀ ਬੱਚਤ ਗਰੀਬੀ ਵੱਲ ਤੋਰਦੀ ਹੈ – ਆਓ ਦੇਖੀਏ ਕਿੱਦਾਂ ? | page 19 |
| # 6 | ਮੱਧ ਵਰਗ (Medium Class) | page 23 |
| # 7 | ਕੀ ਫਰਕ ਹੈ ਦਿਹਾੜੀਦਾਰ (Employee) ਤੇ ਕਾਰੋਬਾਰੀ (Businessman) ਵਿੱਚ ? | page 27 |
| # 8 | ਭੁੱਖਮਰੀ ਤੇ ਵੱਧ ਖਾਣਾ ਦੋਨੋਂ ਇਨਸਾਨ ਨੂੰ ਮਾਰਦੇ ਹਨ – ਆਓ ਇੱਕ ਝਾਤ ਮਾਰੀਏ | page 31 |
| # 9 | ਗਲਤ ਜਾਣਕਾਰੀ (Misleading Information) | page 34 |
| # 10 | ਮਾਨਸਿਕ ਰੋਗ – ਜਦੋਂ ਵਹਿਮ ਕਰਕੇ ਬਲੱਡ ਪ੍ਰੈਸ਼ਰ ਵਧਿਆ ਤੇ ਵਹਿਮ ਦੂਰ ਕਰਨ ਨਾਲ ਠੀਕ ਹੋਇਆ ''ਸੱਚ ਤੇ ਅਧਾਰਤ'' | page 38 |
| # 11 | ਆਰਥਿਕ ਮਸਲਾ – ਕਿਉਂ ਗਰੀਬ ਤੇ ਮੱਧ ਵਰਗ ਦੀ ਸਾਰੀ ਉਮਰ ਆਰਥਿਕ ਸੰਕਟ ਵਿੱਚ ਨਿਕਲਦੀ ਹੈ ? | page 43 |
| # 12 | ਜਦੋਂ ਮੈਂ ਬਿਨਾਂ ਪੈਸੇ, ਬਿਨਾਂ ਇਕੁਟੀ (Equity) ਤੇ ਬਿਨਾਂ ਕਿਸੇ ਦੀ ਗਰੰਟੀ ਤੋਂ ਘਰ ਖਰੀਦਿਆ, ਉਹ ਵੀ ਨਿਊਜ਼ੀਲੈਂਡ ਦੇ ਸਭ ਤੋਂ ਮਹਿੰਗੇ ਸ਼ਹਿਰ ਔਕਲੈਂਡ ਵਿੱਚ | page 47 |
| # 13 | ਕਾਮਯਾਬੀ ਦਾਇਰੇ/ਚੱਕਰ ਤੋਂ ਬਾਹਰ (Success is outside the circle) | page 51 |
| # 14 | ਕਾਰੋਬਾਰ (Business) ਵਿੱਚ 10% ਰਿਟਰਨ ਨੂੰ ਵਧੀਆ ਮੰਨਿਆ ਜਾਂਦਾ ਹੈ<br>– ਆਓ ਦੇਖਦੇ ਹਾਂ ਕਿ ਮੈਂ ਕਿਵੇਂ ਨਿਊਜ਼ੀਲੈਂਡ ਵਿੱਚ ਇੱਕ ਸੌਦੇ ਨਾਲ 8500% ਰਿਟਰਨ ਪੈਦਾ ਕੀਤੀ ''ਸੱਚ ਤੇ ਅਧਾਰਤ'' | page 55 |
| # 15 | ਆਰਥਿਕ ਗੁਲਾਮੀ – ਸਾਡਾ ਸਕੂਲ ਸਿਸਟਮ ਸਾਨੂੰ ਆਰਥਿਕ ਗੁਲਾਮੀ ਵੱਲ ਧੱਕਦਾ ਹੈ।<br>ਰੱਬ ਵਿੱਚ ਯਕੀਨ ਵੀ ਇਸ ਵਿੱਚ ਸ਼ਾਮਿਲ | page 59 |
| # 16 | ਕਰੋਨਾ ਵਾਇਰਸ ਦੇ ਫਾਇਦੇ | page 63 |
| # 17 | ਕੱਚੀ ਲੱਸੀ – ਮਿੰਨੀ ਕਹਾਣੀ ''ਸੱਚ ਤੇ ਅਧਾਰਤ'' | page 66 |
| # 18 | ਕਰੋਨਾ ਵਾਇਰਸ ਦੇ ਕਾਰਨ ਪ੍ਰਾਰਥਨਾਵਾਂ, ਅਰਦਾਸਾਂ ਤੇ ਧਾਰਮਿਕ ਸਮਾਗਮ ਘਟੇ ਪਰ ਉਮਰਾਂ ਵਧੀਆਂ ''ਇੱਕ ਸੱਚ'' | page 69 |
| # 19 | ਦਿਮਾਗ ਦੀ ਵਰਤੋਂ ਕਿਉ ਜਰੂਰੀ | page 73 |
| # 20 | ਇਲਾਜ ਨਾਲੋਂ ਪਰਹੇਜ਼ ਚੰਗਾ | page 77 |
| # 21 | ਸਮੇਂ ਦੇ ਨਾਲ ਅਸ਼ੀਰਵਾਦ ਅਤੇ ਵਹਿਮ ਭਰਮ ਬਦਲ ਜਾਂਦੇ ਹਨ | page 81 |
| # 22 | ਜਦੋਂ ਨਿਊਜ਼ੀਲੈਂਡ ਵਿੱਚ ਮੇਰਾ ਨਾਮ ਸੁਣ ਕੇ ਭੂਤ ਨੇ ਗੰਦ ਸੁੱਟਣਾ ਬੰਦ ਕੀਤਾ<br>''ਸੱਚ ਤੇ ਅਧਾਰਤ ਘਟਨਾ'' | page 83 |
| # 23 | ਆਰਥਿਕ ਮਸਲਾ – ਕਮਾਈ ਕਿਵੇਂ ਹੁੰਦੀ ਹੈ ? | page 87 |


COMMUNITY AWARD
3rd
KIWI ਪੰਜਾਬੀ
AWARDS
TO
AVTAR TARKSHEEL
FROM:-
NEWZEALAND PUNJABI
MULTI MEDIA TRUST

# 1

## ਜਦੋਂ ਇੱਕ ਪੰਜਾਬੀ ਕਿਸਾਨ ਨੇ ਮੈਨੂੰ 6 ਡਾਲਰ ਘੰਟੇ ਦੇ ਦਿੰਦਿਆਂ ਕੰਮ ਤੋਂ ਕੱਢ ਦਿੱਤਾ ਅਤੇ 100 ਡਾਲਰ ਘੰਟੇ ਤੇ ਦੁਬਾਰਾ ਰੱਖਿਆ *"ਸੱਚ ਤੇ ਅਧਾਰਤ ਘਟਨਾ"*

ਸਮਾਂ ਬਹੁਤ ਬਲਵਾਨ ਹੁੰਦਾ ਹੈ। ਇਹ ਆਪ ਨੇ ਬਹੁਤ ਵਾਰ ਸੁਣਿਆਂ ਹੋਵੇਗਾ ਪਰ ਮੈਂ ਆਪਣੀ ਜਿੰਦਗੀ ਵਿੱਚ ਬਹੁਤ ਵਾਰ ਦੇਖਿਆ ਵੀ ਹੈ। ਸਚਾਈ ਇਹ ਹੈ ਕਿ ਸਮਾਂ ਇਕੋ ਜਿਹਾ ਨਹੀਂ ਰਹਿੰਦਾ। ਇਹ ਬਦਲਦਾ ਰਹਿੰਦਾ ਹੈ। ਇਸ ਦੇ ਨਾਲ ਨਾਲ ਵਿਅਕਤੀ ਦੇ ਹਲਾਤ ਵੀ ਬਦਲਦੇ ਰਹਿੰਦੇ ਹਨ ਭਾਵੇਂ ਇਨਸਾਨ ਜਿੰਨੀਂ ਮਰਜ਼ੀ ਕੋਸ਼ਿਸ਼ ਕਰੇ ਹਲਾਤਾਂ ਨੂੰ ਇਕੋ ਜਿਹਾ ਰੱਖਣ ਦੀ ਪਰ ਫਿਰ ਵੀ ਉਹ ਬਹੁਤਾ ਚਿਰ ਇਕੋ ਜਿਹੇ ਨਹੀਂ ਰਹਿੰਦੇ। ਕਈ ਇਨਸਾਨ ਚੰਗੇ ਹਲਾਤਾਂ ਵਿੱਚ ਥੋੜ੍ਹੀ ਜਿਹੀ ਮੁਸੀਬਤ ਆਉਣ ਤੇ ਹੌਂਸਲਾ ਛੱਡ ਦਿੰਦੇ ਹਨ। ਦੂਜੇ ਇਨਸਾਨ ਵੱਡੀ ਤੋਂ ਵੱਡੀ ਮੁਸੀਬਤ ਵਿੱਚ ਵੀ ਆਮ ਵਾਂਗ ਹੀ ਲਗਦੇ ਹਨ। ਜਦੋਂ ਉਹ ਮੰਨ ਲੈਂਦੇ ਹਨ ਕਿ ਮੁਸੀਬਤਾਂ ਜਿੰਦਗੀ ਦਾ ਹਿੱਸਾ ਹਨ ਤਾਂ ਉਨ੍ਹਾਂ ਨੂੰ ਮੁਸੀਬਤਾਂ ਵੀ ਛੋਟੀਆਂ ਲੱਗਣ ਲੱਗ ਪੈਂਦੀਆਂ ਹਨ।

ਇਹ ਉਸ ਵੇਲੇ ਦੀ ਗੱਲ ਹੈ ਜਦੋਂ ਨਿਊਜ਼ੀਲੈਂਡ ਆਇਆਂ ਨੂੰ ਥੋੜ੍ਹਾ ਸਮਾਂ ਹੀ ਹੋਇਆ ਸੀ। ਅਜੇ ਮੁਲਕ ਵਾਰੇ, ਲੋਕਾਂ ਵਾਰੇ ਜਾਂ ਇਥੇ ਦੇ ਕੰਮਾਂ ਕਾਰਾਂ ਵਾਰੇ ਬਹੁਤੀ ਜਾਣਕਾਰੀ ਨਹੀਂ ਸੀ। ਚੜ੍ਹਦੀ ਜਵਾਨੀ ਜਦੋਂ ਬਹੁਤੇ ਨੌਜਵਾਨ ਆਪਣੇ ਮਾਂ ਪਿਓ ਦੀ ਕਮਾਈ ਤੇ ਅਜੇ ਐਸ਼ ਹੀ ਕਰਦੇ ਹੁੰਦੇ ਹਨ। ਉਸ ਵਕਤ ਮੈਂ ਨਿਊਜ਼ੀਲੈਂਡ ਦੀ ਧਰਤੀ ਤੇ ਆ ਗਿਆ ਸੀ ਜਿਥੇ ਨਾਂ ਆਪਣਾ ਪਰਿਵਾਰ, ਨਾਂ ਰਿਸ਼ਤੇਦਾਰ, ਨਾਂ ਮੁਲਕ ਦੀ ਬੋਲੀ ਆਵੇ, ਨਾਂ ਘਰਾਂ ਦਾ ਕਿਰਾਇਆ ਦੇਣ ਦੇ ਪੈਸੇ, ਨਾਂ ਵਰਕ ਪਰਮਿਟ, ਨਾਂ ਕਾਰ ਸੀ ਅਤੇ ਨਾਂ ਹੀ ਕਾਰ ਚਲਾਉਣੀ ਆਉਂਦੀ ਸੀ। ਇਨ੍ਹਾਂ ਹਲਾਤਾਂ ਵਿੱਚ ਰੋਟੀ ਪਾਣੀ ਦਾ ਵਸੀਲਾ ਕਰਨਾ ਤੇ ਓਵਰਸਟੇ (ਵੀਜ਼ਾ ਨਾਂ ਹੋਣਾ) ਹੋਣ ਕਰਕੇ ਇਮੀਗ੍ਰੇਸ਼ਨ ਤੋਂ ਬਚ ਕੇ ਰਹਿਣਾ ਕੋਈ ਸੌਖਾ ਕੰਮ ਨਹੀਂ ਸੀ। ਹਰ ਰਾਤ ਨੂੰ

ਦੂਜੇ ਦਿਨ ਬਾਰੇ ਸੋਚਣਾ ਪੈਂਦਾ ਕਿ ਕੱਲ ਨੂੰ ਕਿਹੜੀ ਮੁਸੀਬਤ ਆਵੇਗੀ ? ਫੋਨ ਨਹੀਂ ਹੁੰਦੇ ਸਨ। ਇਸ ਲਈ ਆਪਣਾ ਦਰਦ ਦੂਜਿਆਂ ਨਾਲ ਸਾਂਝਾ ਵੀ ਨਹੀਂ ਕੀਤਾ ਜਾ ਸਕਦਾ ਸੀ।

ਉਨ੍ਹਾਂ ਦਿਨਾਂ ਵਿੱਚ ਕਈ ਕਈ ਮੁੰਡੇ ਗਰੁੱਪਾਂ ਵਿੱਚ ਇਕੱਠਾ ਕੰਮ ਕਰਦੇ ਹੁੰਦੇ ਸੀ। ਮੈਂ ਪੰਜਾਬ ਵਿੱਚ ਖੇਤੀ ਦਾ ਕੰਮ ਬਹੁਤ ਘੱਟ ਕੀਤਾ ਸੀ ਕਿਉਂਕਿ ਪਰਿਵਾਰ ਦੇ ਮੈਂਬਰ ਨੌਕਰੀਆਂ ਵਾਲੇ ਸਨ। ਇੱਕ ਦਿਨ ਇੱਕ ਪੰਜਾਬੀ ਕਿਸਾਨ ਦੇ ਅਸੀਂ ਗੰਢਿਆਂ (Onions) ਦਾ ਕੰਮ ਕਰਨ ਚਲੇ ਗਏ। ਸਾਡਾ ਬਾਰਾਂ ਕੁ ਜਣਿਆਂ ਦਾ ਗਰੁੱਪ ਸੀ।

ਪੰਜਾਬੀ ਮਾਲਕ ਕਹਿੰਦਾ ਕਿ ਸਭ ਨੂੰ 6 ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਦਿਹਾੜੀ ਦੇਵੇਗਾ। ਹਰੇਕ ਗਰੁੱਪ ਵਿੱਚ ਇੱਕ ਮੁੰਡਾ ਮੋਹਰੀ ਹੁੰਦਾ ਸੀ। ਸਾਰਾ ਦਿਨ ਕੰਮ ਕੀਤਾ ਤੇ ਸ਼ਾਮ ਨੂੰ ਘਰ ਆ ਗਏ। ਘਰ ਜਾ ਕੇ ਮੋਹਰੀ ਮੁੰਡੇ ਨੇ ਮੈਨੂੰ ਦੱਸਿਆ ਕਿ ਪੰਜਾਬੀ ਮਾਲਕ ਕਹਿੰਦਾ ਸੀ ਕਿ ਅਵਤਾਰ ਨੂੰ ਕੱਲ੍ਹ ਨੂੰ ਕੰਮ ਤੇ ਨਾਂ ਲਿਆਇਓ ਕਿਉਂਕਿ ਉਹ ਕੰਮ ਬਹੁਤ ਹੌਲੀ ਕਰਦਾ ਹੈ।

ਮੈਂ ਉਸ ਨੂੰ ਕਿਹਾ ਕਿ ਜੇ ਮੈਨੂੰ ਮਾਲਕ ਕੰਮ ਤੇ ਦੱਸ ਦਿੰਦਾ ਤਾਂ ਮੈਂ ਤੇਜ਼ ਕੰਮ ਕਰਕੇ ਦੇਖ ਲੈਂਦਾ ਪਰ ਉਸ ਨੇ ਮੈਨੂੰ ਦੱਸਿਆ ਹੀ ਨਹੀਂ। ਉਸ ਦਿਨ ਤੋਂ ਮੈਂ ਫਿਰ ਬੇਰੋਜ਼ਗਾਰ ਹੋ ਗਿਆ। ਖੈਰ ਇਧਰ ਉਧਰ ਧੱਕੇ ਖਾਂਦਿਆਂ ਮੈਨੂੰ ਕੀਵੀ ਫਰੂਟ ਦਾ ਕੰਮ ਮਿਲ ਗਿਆ ਜਿਸ ਵਿੱਚ ਮੈਂ ਕੁੱਝ ਸਿੱਖ ਕੇ ਤੇ ਕੁੱਝ ਆਪਣੀਆਂ ਖੋਜਾਂ ਦੁਆਰਾ ਇੱਕ ਔਕਲੈਂਡ ਦੀ ਕੰਪਨੀ ਨੂੰ ਸ਼ਹਿਰ ਦੀ ਕੀਵੀ ਫਰੂਟ ਦੀ ਸਭ ਤੋਂ ਵੱਡੀ ਕੰਪਨੀ ਬਣਾ ਦਿੱਤਾ ਅਤੇ ਮੈਂ ਉਸ ਕੰਪਨੀ ਦਾ ਮੈਨੇਜਰ ਬਣ ਗਿਆ ਸੀ।

ਜਿਸ ਦਿਨ ਤੋਂ ਪੰਜਾਬੀ ਕਿਸਾਨ ਨੇ ਮੈਨੂੰ ਕੰਮ ਤੋਂ ਕੱਢਿਆ ਸੀ ਉਸ ਦਿਨ ਤੋਂ ਅਸੀਂ ਇੱਕ ਦੂਜੇ ਨੂੰ ਨਹੀਂ ਮਿਲੇ ਸੀ। ਇਸ ਤਰ੍ਹਾਂ ਕਈ ਸਾਲ ਬੀਤ ਚੁੱਕੇ ਸਨ। ਉਸ ਪੰਜਾਬੀ ਕਿਸਾਨ ਨੇ ਕੀਵੀ ਫਰੂਟ ਦਾ ਬਾਗ ਲਗਾਉਣਾ ਚਾਹਿਆ। ਇਸ ਵਾਸਤੇ ਉਹ ਮਾਹਰਾਂ ਦੀ ਸਲਾਹ ਲੈਣਾ ਚਾਹੁੰਦਾ ਸੀ ਤਾਂ ਕਿ ਉਸ ਨੂੰ ਕੁੱਲ ਆਮਦਨ ਤੇ ਖਰਚ ਦਾ ਪਤਾ ਲੱਗ ਸਕੇ ਤੇ ਨਾਲ ਦੀ ਨਾਲ ਮਿੱਟੀ ਦੀ ਕਿਸਮ ਚੈੱਕ ਕਰਕੇ ਪਤਾ ਲੱਗ ਸਕੇ ਕਿ ਕੀਵੀ ਫਰੂਟ ਦੀ ਫਸਲ ਉਥੇ ਕਿਸ ਤਰ੍ਹਾਂ ਦੀ ਹੋਵੇਗੀ ? ਇਸ ਨਜ਼ਰੀਏ ਨਾਲ ਉਸ ਨੇ ਜਦੋਂ ਔਕਲੈਂਡ ਵਿੱਚ ਕੀਵੀ ਫਰੂਟ ਦੀ ਵੱਡੀ ਕੰਪਨੀ ਨੂੰ ਆਨਲਾਈਨ ਲੱਭਿਆ ਤਾਂ ਉਸ ਕੰਪਨੀ ਦਾ ਨਾਮ ਉੱਪਰ ਆਇਆ ਜਿਸ ਦਾ ਮੈਂ ਮੈਨੇਜਰ ਸੀ। ਉਸ ਨੇ ਸਾਡੇ ਦਫ਼ਤਰ ਫੋਨ ਕੀਤਾ ਤਾਂ ਦਫ਼ਤਰ ਵਿੱਚ ਕੰਮ ਕਰਦੀ ਔਰਤ ਨਾਲ ਇਸ ਕੰਮ ਵਾਸਤੇ ਬੁਕਿੰਗ ਕਰਵਾ ਲਈ। ਦਫ਼ਤਰ ਵਾਲੀ ਔਰਤ (office lady/receptionist) ਨੇ ਉਸ ਨੂੰ ਦੱਸ ਦਿੱਤਾ ਕਿ ਸਾਡੇ ਚਾਰ ਬੰਦੇ ਤੈਨੂੰ ਸਲਾਹ ਦੇਣ

ਆਉਣਗੇ ਅਤੇ ਉਸ ਵਾਸਤੇ ਤੈਨੂੰ ਸਲਾਹ ਦੇ ਪੈਸੇ ਦੇਣੇ ਪੈਣਗੇ। ਸਲਾਹ ਤੋਂ ਬਾਦ ਤੇਰੀ ਮਰਜ਼ੀ ਹੈ ਕਿ ਤੂੰ ਕੀਵੀ ਫਰੂਟ ਲਗਾਵੇਂ ਜਾਂ ਨਾਂ ਲਗਾਵੇਂ। ਉਹ ਪੰਜਾਬੀ ਕਿਸਾਨ ਇਸ ਗੱਲ ਤੇ ਸਹਿਮਤ ਹੋ ਗਿਆ।

ਮਿਥੇ ਦਿਨ ਉਤੇ ਅਸੀਂ ਚਾਰ ਜਣੇ ਕੰਪਨੀ ਦੀਆਂ ਗੱਡੀਆਂ ਵਿੱਚ ਉਸ ਪੰਜਾਬੀ ਕਿਸਾਨ ਦੀ ਜ਼ਮੀਨ ਵਿੱਚ ਚਲੇ ਗਏ ਜਿਥੇ ਉਸ ਦਾ ਆਪਣਾ ਘਰ ਵੀ ਲਾਗੇ ਹੀ ਸੀ। ਮੇਰੇ ਨਾਲ ਤਿੰਨ ਹੋਰ ਗੋਰੇ ਸੀ ਜਿਨ੍ਹਾਂ ਵਿਚੋਂ ਇੱਕ ਕੰਪਨੀ ਦਾ ਮਾਲਕ ਸੀ ਅਤੇ ਮੈਂ ਇਕੱਲਾ ਪੰਜਾਬੀ ਸੀ। ਜਦੋਂ ਅਸੀਂ ਪੰਜਾਬੀ ਕਿਸਾਨ ਦੇ ਘਰ ਪਹੁੰਚੇ ਤਾਂ ਮੈਨੂੰ ਉਸ ਨੇ ਪਹਿਚਾਣ ਲਿਆ ਤੇ ਦੇਖ ਕੇ ਬੜਾ ਹੈਰਾਨ ਹੋਇਆ ਕਿ ਮੈਂ ਸਭ ਤੋਂ ਵੱਡੀ ਕੰਪਨੀ ਦਾ ਮੈਨੇਜਰ ਕਿਸ ਤਰ੍ਹਾਂ ਬਣ ਗਿਆ ? ਮੈਨੂੰ ਕਹਿੰਦਾ ਅਵਤਾਰ ਸਿਹਾਂ ਬਈ ਬੜੀ ਤਰੱਕੀ ਕਰ ਗਿਆਂ। ਮੈਂ ਕਿਹਾ ਅੰਕਲ ਜੀ ਸਭ ਤੁਹਾਡੀ ਕਿਰਪਾ ਹੈ। ਜੇ ਤੁਸੀਂ ਮੈਨੂੰ ਕੰਮ ਤੋਂ ਨਾਂ ਕੱਢਦੇ ਤਾਂ ਮੈਨੂੰ ਵਧੀਆ ਬਣਨ ਦਾ ਮੌਕਾ ਨਹੀਂ ਮਿਲਣਾ ਸੀ। ਸ਼ਾਇਦ ਹੁਣ ਉਹ ਥੋੜ੍ਹੀ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਸੀ ਪਰ ਮੇਰਾ ਮਕਸਦ ਉਸ ਨੂੰ ਸ਼ਰਮਿੰਦਾ ਕਰਨਾ ਨਹੀਂ ਸੀ। ਮੈਂ ਤਾਂ ਉਸ ਨੂੰ ਸਚਾਈ ਹੀ ਦੱਸੀ ਸੀ।

ਇਸ ਤੋਂ ਬਾਦ ਅਸੀਂ ਆਪਣਾ ਕੰਮ ਸ਼ੁਰੂ ਕੀਤਾ। ਹਰ ਦੋ ਘੰਟੇ ਬਾਦ ਅਸੀਂ ਕੌਫੀ (Coffee) ਵਾਸਤੇ ਰੁਕਦੇ ਤੇ ਰੋਟੀ ਵਾਸਤੇ ਵੀ ਰੁਕੇ। ਇਸ ਸਭ ਦਾ ਖਰਚਾ ਵੀ ਪੰਜਾਬੀ ਕਿਸਾਨ ਨੇ ਹੀ ਕਰਨਾ ਸੀ। ਸਾਰਾ ਦਿਨ ਅਸੀਂ ਗੱਲਾਂ ਹੀ ਕਰਨੀਆਂ ਸੀ ਤੇ ਜਾਂ ਰਿਪੋਰਟ ਤਿਆਰ ਕਰਨੀ ਸੀ। ਮੇਰੇ ਇਸ ਕੰਮ ਦੇ ਉਸ ਨੂੰ $100 ਪ੍ਰਤੀ ਘੰਟੇ ਦੇ ਹਿਸਾਬ ਨਾਲ ਪੈਸੇ ਦੇਣੇ ਪਏ। ਇਸ ਦੇ ਨਾਲ ਗੱਡੀ ਦਾ ਤੇ ਖਾਣੇ ਦਾ ਖਰਚਾ ਵੱਖਰਾ।

ਉਸ ਨੂੰ ਬਹੁਤ ਮਹਿਸੂਸ ਹੋਇਆ ਕਿ ਅਵਤਾਰ ਉਸ ਨੂੰ 6 ਡਾਲਰ ਘੰਟੇ ਤੇ ਵਾਰਾ ਨਹੀਂ ਸੀ ਖਾਧਾ ਪਰ ਅੱਜ 100 ਡਾਲਰ ਪ੍ਰਤੀ ਘੰਟੇ ਤੇ ਵਾਰਾ ਖਾ ਗਿਆ ਸੀ। ਜਦੋਂ ਸ਼ਾਮ ਨੂੰ ਤੁਰਨ ਲੱਗੇ ਤਾਂ ਪੰਜਾਬੀ ਕਿਸਾਨ ਕਹਿਣ ਲੱਗਾ ਕਿ ਅਵਤਾਰ ਸਿਹਾਂ ਕਿਸੇ ਦਿਨ ਪਰਿਵਾਰ ਨੂੰ ਲੈ ਕੇ ਆਵੀਂ ਆਪਾਂ ਰਾਤ ਦਾ ਖਾਣਾ ਇਥੇ ਖਾਵਾਂਗੇ। ਮੈਨੂੰ ਪਤਾ ਲੱਗ ਗਿਆ ਕਿ ਇਹ ਬਾਕੀ ਜਾਣਕਾਰੀ ਹੁਣ ਮੈਥੋਂ ਰੋਟੀ ਖੁਆ ਕੇ ਹੀ ਭਾਲਦਾ ਹੈ। ਮੈਂ ਕਿਹਾ ਅੰਕਲ ਜੀ ਮੈਂ ਅੱਜਕਲ੍ਹ ਰੋਟੀ ਪਾਣੀ ਵੀ ਘੰਟਿਆਂ ਦੇ ਹਿਸਾਬ ਨਾਲ ਹੀ ਖਾਂਦਾ ਹਾਂ ਤੇ ਸਮੇਂ ਦੀ ਘਾਟ ਹੋਣ ਕਰਕੇ ਖਿਮਾਂ ਦਾ ਜਾਚਕ ਹਾਂ।

ਸੋ ਜਿੰਨਾਂ ਮਰਜ਼ੀ ਬੁਰਾ ਸਮਾਂ ਆ ਜਾਵੇ ਹੌਂਸਲਾ ਨਹੀਂ ਛੱਡਣਾ ਚਾਹੀਦਾ। ਹਰ ਪਤਝੜ ਤੋਂ ਬਾਦ ਬਹਾਰ ਆਉਣੀ ਹੁੰਦੀ ਹੈ। ਬਹਾਰ ਸਿਰਫ ਉਨ੍ਹਾਂ ਦਰੱਖਤਾਂ ਤੇ ਆਉਂਦੀ ਹੈ ਜੋ ਪਤਝੜ ਵਿੱਚ ਵੀ ਬਹਾਰ ਆਉਣ ਦੀ ਆਸ ਰੱਖਦੇ ਹਨ ਤੇ ਆਪਣੇ ਆਪ ਨੂੰ ਉਸ ਆਸ

ਵਿੱਚ ਜਿਉਂਦਾ ਰੱਖਦੇ ਹਨ। ਮੈਨੂੰ ਲੇਖਕ ਸੁਰਜੀਤ ਪਾਤਰ ਜੀ ਦੀਆਂ ਸਤਰਾਂ ਯਾਦ ਆ ਰਹੀਆਂ ਹਨ :-

ਜੇ ਆਈ ਪਤਝੜ ਤਾਂ ਫੇਰ ਕੀ ਏ,
ਤੂੰ ਆਉਂਦੀ ਰੁੱਤ''ਚ ਯਕੀਨ ਰੱਖੀਂ।
ਮੈਂ ਲੱਭ ਕੇ ਕਿਤਿਓਂ ਲਿਓਨਾ ਕਲਮਾਂ
ਤੂੰ ਫੁੱਲਾਂ ਯੋਗੀ ਜ਼ਮੀਨ ਰੱਖੀਂ।

❖❖❖❖❖



# 2

## ਬਿਨਾਂ ਹੱਥ ਜੋੜਨ ਤੋਂ ਅਤੇ ਬਿਨਾਂ ਮੱਥਾ ਰਗੜਨ ਤੋਂ ਨਾਸਤਿਕਾਂ ਦੇ ਮੁਲਕ ਨਿਊਜ਼ੀਲੈਂਡ ਨੇ ਕਰੋਨਾ ਵਾਇਰਸ ਨੂੰ ਪਾਈ ਨੱਥ *"ਮੁਲਕ ਦੇ ਸਭ ਹਸਪਤਾਲ ਮਰੀਜ਼ਾਂ ਤੋਂ ਮੁਕਤ"*

ਨਿਊਜ਼ੀਲੈਂਡ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਲੋਕ ਕਿਸੇ ਵੀ ਰੱਬ ਜਾਂ ਧਰਮ ਨੂੰ ਨਹੀਂ ਮੰਨਦੇ। ਇਸ ਕਰਕੇ ਦੁਨੀਆਂ ਦੇ ਬਹੁਤ ਲੋਕ ਇਸ ਨੂੰ ਨਾਸਤਿਕਾਂ ਦਾ ਮੁਲਕ ਕਹਿੰਦੇ ਹਨ। ਭਾਵੇਂ ਇਥੇ ਰਹਿਣ ਵਾਲੇ ਲੋਕ ਵੱਡੀ ਗਿਣਤੀ ਵਿੱਚ ਨਾਸਤਿਕ ਹਨ ਪਰ ਇਨ੍ਹਾਂ ਦਾ ਇਨਸਾਨਾਂ ਪ੍ਰਤੀ ਜੋ ਪਿਆਰ ਹੈ ਉਹ ਬੇਮਿਸਾਲ ਹੈ। ਜਦੋਂ ਕਿਸੇ ਨੂੰ ਮੁਸੀਬਤ ਹੋਵੇ ਤਾਂ ਉਸ ਨੂੰ ਮੁਸੀਬਤ ਵਿਚੋਂ ਕੱਢਣ ਲਈ ਸਾਰਾ ਮੁਲਕ ਤਤਪਰ ਹੋ ਜਾਂਦਾ ਹੈ।

ਗੱਲ ਭਾਵੇਂ ਇਥੇ ਦੇ ਸ਼ਹਿਰ ਕ੍ਰਿਸਚਰਚ ਦੀ ਹੋਵੇ ਜਿਥੇ ਅੱਤਵਾਦੀ ਹਮਲਾ ਹੋਇਆ ਸੀ ਅਤੇ ਭਾਵੇਂ ਇਸੇ ਸ਼ਹਿਰ ਵਿੱਚ ਕਈ ਭੁਚਾਲ ਆਏ ਸਨ। ਹਰ ਵਾਰ ਇਸ ਮੁਲਕ ਦੇ ਲੋਕ ਦੂਜਿਆਂ ਨੂੰ ਬਚਾਉਣ ਲਈ ਪੱਬਾਂ ਭਾਰ ਹੋ ਗਏ ਸਨ। ਕ੍ਰਿਸਚਰਚ ਸ਼ਹਿਰ ਵਿੱਚ ਹਮਲਾ ਹੋਣ ਤੋਂ ਬਾਦ ਵਿਧਵਾ ਹੋਈਆਂ ਮੁਸਲਿਮ ਔਰਤਾਂ ਨੂੰ ਜਿਸ ਤਰ੍ਹਾਂ ਕਲਾਵੇ ਵਿੱਚ ਲੈ ਕੇ ਇਥੇ ਦੀ ਪ੍ਰਧਾਨ ਮੰਤਰੀ ਜਸਿੰਦਾ ਅਰਡਨ ਨੇ ਹੰਝੂ ਵਹਾਏ ਉਸ ਦੀ ਮਿਸਾਲ ਸ਼ਾਇਦ ਹੀ ਦੁਨੀਆਂ ਵਿੱਚ ਕਿਤੇ ਮਿਲੇ।

ਜਿਸ ਤਰ੍ਹਾਂ ਧਾਰਮਿਕ ਦੇਸ਼ ਆਪਣੇ ਧਾਰਮਿਕ ਹੋਣ ਤੇ ਮਾਣ ਕਰਦੇ ਹਨ ਇਸੇ ਤਰ੍ਹਾਂ ਇਹ ਲੋਕ ਆਪਣੇ ਨਾਸਤਿਕ ਹੋਣ ਤੇ ਮਾਣ ਕਰਦੇ ਹਨ। ਨਾਸਤਿਕ ਹੋਣ ਦਾ ਵੱਡਾ ਫਾਇਦਾ ਇਨ੍ਹਾਂ ਨੂੰ ਇਹ ਹੈ ਕਿ ਇਨ੍ਹਾਂ ਨੂੰ ਰੋਜ਼ਾਨਾ ਘੰਟਿਆਂ ਬੱਧੀ ਕਿਸੇ ਰੱਬ ਦੀ ਭਗਤੀ ਵਿੱਚ ਹੱਥ ਜੋੜ ਕੇ ਨਹੀਂ ਬੈਠਣਾ ਪੈਂਦਾ। ਹੱਥ ਜੋੜ ਕੇ ਬੈਠਣ ਦੀ ਬਜਾਏ ਇਹ ਕੰਮ ਕਰਨਾਂ ਪਸੰਦ ਕਰਦੇ ਹਨ ਜਿਸ ਨਾਲ ਮੁਲਕ ਦੀ ਤਰੱਕੀ ਹੁੰਦੀ ਹੈ ਤੇ ਲੋਕਾਂ ਦੀ ਆਰਥਿਕਤਾ ਵਧੀਆ ਹੁੰਦੀ ਹੈ।

ਇਹ ਉੱਚੀ ਉੱਚੀ ਸਪੀਕਰ ਲਗਾ ਕੇ ਜ਼ਬਰਦਸਤੀ ਲੋਕਾਂ ਦੇ ਕੰਨਾਂ ਵਿੱਚ ਰੱਬ ਦਾ ਨਾਮ ਪਾ ਕੇ ਲੋਕਾਂ ਦੀ ਨੀਂਦ ਜਾਂ ਪੜ੍ਹਾਈ ਵੀ ਖਰਾਬ ਨਹੀਂ ਕਰਦੇ। ਜਿਸ ਤਰ੍ਹਾਂ ਧਾਰਮਿਕ ਲੋਕ ਆਪਣੇ ਮੁਲਕ ਵਿੱਚ ਵੱਧ ਧਾਰਮਿਕ ਅਸਥਾਨ, ਦੇਵਤਿਆਂ ਦੀ ਗਿਣਤੀ ਅਤੇ ਧਾਰਮਿਕ ਵਿਅਕਤੀਆਂ ਦੀ ਗਿਣਤੀ ਦੱਸ ਕੇ ਆਪਣੀ ਮਹਾਨਤਾ ਦੱਸਦੇ ਹਨ ਇਸੇ ਤਰ੍ਹਾਂ ਇਹ ਮੁਲਕ ਆਪਣੇ ਮੁਲਕ ਵਿੱਚ ਵੱਧ ਵਿਦਿਅਕ ਅਦਾਰੇ, ਹਸਪਤਾਲ ਅਤੇ ਸਾਇੰਸਦਾਨਾਂ ਦੀ ਗਿਣਤੀ ਦੱਸ ਕੇ ਆਪਣੀ ਮਹਾਨਤਾ ਦਰਸਾਉਂਦੇ ਹਨ।

ਪਿਛਲੇ ਕੁੱਝ ਮਹੀਨਿਆਂ ਵਿੱਚ ਕਰੋਨਾ ਵਾਇਰਸ ਨੇ ਦੁਨੀਆਂ ਦੇ ਕਈ ਮੁਲਕਾਂ ਵਿੱਚ ਤਬਾਹੀ ਮਚਾਈ ਹੈ। ਹਰ ਮੁਲਕ ਆਪੋ ਆਪਣੇ ਤਰੀਕਿਆਂ ਨਾਲ ਇਸ ਵਾਇਰਸ ਨਾਲ ਲੜ ਰਿਹਾ ਹੈ। ਇਸ ਵਾਇਰਸ ਨੇ ਦੁਨੀਆਂ ਦੇ ਸਭ ਤੋਂ ਤਾਕਤਵਰ ਮੰਨੇ ਜਾਂਦੇ ਮੁਲਕ ਵੀ ਬੁਰੀ ਤਰ੍ਹਾਂ ਹਿਲਾ ਦਿੱਤੇ ਹਨ।

ਨਿਊਜ਼ੀਲੈਂਡ ਨੇ ਇਸ ਵਾਇਰਸ ਦਾ ਡਟ ਕੇ ਮੁਕਾਬਲਾ ਕੀਤਾ। ਜਿਥੇ ਪੁਕੀਕੋਹੀ ਸ਼ਹਿਰ ਵਿੱਚ ਮੇਰਾ ਘਰ ਹੈ ਉਥੇ ਅਸੀਂ ਆਲੇ ਦੁਆਲੇ ਦੀਆਂ ਚਾਰ ਸੜਕਾਂ ਤੇ ਰਹਿੰਦੇ ਲੋਕਾਂ ਦੀਆਂ ਸੂਚੀਆਂ ਬਣਾ ਕੇ ਉਨ੍ਹਾਂ ਨੂੰ ਇੱਕ ਈ-ਮੇਲ ਗਰੁੱਪ ਵਿੱਚ ਸ਼ਾਮਿਲ ਕਰ ਲਿਆ ਸੀ ਜਿਸ ਵਿੱਚ ਸਭ ਦੇ ਫੋਨ ਨੰਬਰ ਇੱਕ ਦੂਜੇ ਨੂੰ ਦੇ ਦਿੱਤੇ ਸੀ ਤਾਂ ਕਿ ਲੋੜ ਪੈਣ ਤੇ ਲੌਕ ਡੌਨ ਦੌਰਾਨ ਇੱਕ ਦੂਜੇ ਦੀ ਮੱਦਦ ਕੀਤੀ ਜਾ ਸਕੇ।

ਸਰਕਾਰ ਦੇ ਉਦਮਾਂ ਦੇ ਨਾਲ ਨਾਲ ਸਥਾਨਕ ਲੋਕਾਂ ਨੇ ਵੀ ਬਣਾਏ ਨਿਯਮਾਂ ਦੀ ਪਾਲਣਾ ਕੀਤੀ ਅਤੇ ਅਜੇ ਵੀ ਕਰ ਰਹੇ ਹਨ। ਜਿਨ੍ਹਾਂ ਨੇ ਨਿਯਮਾਂ ਦੀ ਉਲੰਘਣਾ ਕੀਤੀ ਉਨ੍ਹਾਂ ਨੂੰ ਸੁਧਰਨ ਦੀ ਵਾਰਨਿੰਗ ਦਿੱਤੀ ਗਈ ਅਤੇ ਦੁਬਾਰਾ ਗਲਤੀ ਕਰਨ ਤੇ ਜੁਰਮਾਨੇ ਕੀਤੇ ਗਏ। ਇੱਕ ਮਨਿਸਟਰ ਦੁਆਰਾ ਨਿਯਮਾਂ ਦੀ ਉਲੰਘਣਾ ਹੋਣ ਕਰਕੇ ਉਸ ਨੂੰ ਰੈਂਕ ਵਿੱਚ ਥੱਲੇ ਲਿਆਂਦਾ ਗਿਆ। ਇਨ੍ਹਾਂ ਸਾਰੇ ਉਪਰਾਲਿਆਂ ਦੀ ਬਦੌਲਤ ਕਿਹਾ ਜਾ ਸਕਦਾ ਹੈ ਕਿ ਕਰੋਨਾ ਨੂੰ ਹੁਣ ਇਸ ਮੁਲਕ ਨੇ ਨੱਥ ਪਾ ਲਈ ਹੈ।

ਇਸ ਸਮੇਂ ਮੁਲਕ ਲੌਕ ਡੌਨ ਲੈਵਲ 1 ਵਿੱਚ ਹੈ ਜਿਸ ਵਿੱਚ ਤਕਰੀਬਨ ਸਭ ਕੁੱਝ ਖੁਲ੍ਹ ਗਿਆ ਹੈ ਪਰ ਕੁੱਝ ਨਿਯਮਾਂ ਦਾ ਖਿਆਲ ਰੱਖਣਾ ਪੈਂਦਾ ਹੈ। ਮੁਲਕ ਵਿੱਚ ਹੁਣ ਤੱਕ 1504 ਕਰੋਨਾ ਵਾਇਰਸ ਪੀੜ੍ਹਤ ਹੋਏ ਜਿਨ੍ਹਾਂ ਵਿਚੋਂ 22 ਵਿਅਕਤੀਆਂ ਦੀ ਮੌਤ ਹੋਈ। ਮੇਰੇ ਰਿਹਾਇਸ਼ੀ ਸ਼ਹਿਰ ਪੁਕੀਕੋਹੀ ਵਿੱਚ ਕੋਈ ਵੀ ਕਰੋਨਾ ਵਾਇਰਸ ਦਾ ਕੇਸ ਨਹੀਂ ਆਇਆ। ਜਿਨ੍ਹਾਂ ਵਿਅਕਤੀਆਂ ਦੀ ਮੌਤ ਹੋਈ ਉਨ੍ਹਾਂ ਵਾਸਤੇ ਮੈਂ ਡੂੰਘਾ ਦੁੱਖ ਪ੍ਰਗਟ ਕਰਦਾ ਹਾਂ ਕਿ ਅਸੀਂ ਉਨ੍ਹਾਂ ਨੂੰ ਬਚਾ ਨਹੀਂ ਸਕੇ। ਉਨ੍ਹਾਂ ਦੇ ਪਰਿਵਾਰਾਂ ਨਾਲ ਮੈਨੂੰ ਡੂੰਘੀ ਹਮਦਰਦੀ ਹੈ।

ਇਥੇ ਇਸ ਗੱਲ ਦੀ ਸਾਂਝ ਪਾਉਣੀ ਚਾਹਾਂਗਾ ਕਿ ਸਰਕਾਰ ਦੇ ਉੱਦਮ ਸਦਕਾ ਅਤੇ ਹੋਰ ਲੋਕ ਪੱਖੀ ਤੇ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਸਦਕਾ ਨਿਊਜ਼ੀਲੈਂਡ ਵਿੱਚ ਕੋਈ ਵੀ ਵਿਅਕਤੀ ਭੁੱਖਾ ਨਹੀਂ ਸੁੱਤਾ।

ਮੈਂ ਆਪਣੇ ਹੋਰ ਸਾਥੀਆਂ ਨਾਲ ਰਲਕੇ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ 2008 ਤੋਂ ਨਿਊਜ਼ੀਲੈਂਡ ਵਿੱਚ ਚਲਾਉਂਦਾ ਹਾਂ ਜਿਸ ਵਿੱਚ ਅਣਗਿਣਤ ਲੋਕ ਪੱਖੀ ਸਰਗਰਮੀਆਂ ਕੀਤੀਆਂ ਜਾਂਦੀਆਂ ਹਨ। ਇਸ ਮੁਸੀਬਤ ਦੀ ਘੜੀ ਵਿੱਚ ਇਸ ਸੰਸਥਾ ਵਲੋਂ ਭਾਰਤ ਤੋਂ ਇਲਾਵਾ ਸਾਰੇ ਨਿਊਜ਼ੀਲੈਂਡ ਵਿੱਚ ਲੋੜਵੰਦਾਂ ਨੂੰ ਰਾਸ਼ਣ ਪਹੁੰਚਾਉਣ ਲਈ ਮੁਫ਼ਤ ਫੋਨ 0800MANAVTA (08006262882) ਸ਼ੁਰੂ ਕੀਤਾ ਸੀ। ਜਿਸ ਉੱਪਰ ਲੋੜਵੰਦ ਜਿਨ੍ਹਾਂ ਨੂੰ ਰਾਸ਼ਣ ਦੀ ਲੋੜ ਹੁੰਦੀ ਸੀ ਉਹ ਫੋਨ ਕਰ ਦਿੰਦੇ ਸੀ ਅਤੇ ਇੱਕ ਘੰਟੇ ਦੇ ਵਿੱਚ ਲੋੜਵੰਦ ਦੇ ਘਰ ਇੱਕ ਮਹੀਨੇ ਦਾ ਰਾਸ਼ਣ ਇਸ ਸੰਸਥਾ ਵਲੋਂ ਸਾਰੇ ਮੁਲਕ ਵਿੱਚ ਪਹੁੰਚਾ ਦਿੱਤਾ ਜਾਂਦਾ ਸੀ। ਇਹ ਫੋਨ ਮੇਰੇ ਕੋਲ ਹੀ ਆਉਂਦਾ ਹੈ। ਇਸ ਸੰਸਥਾ ਦੇ ਸਾਰੇ ਮੈਂਬਰ ਤੇ ਸਹਿਯੋਗੀ ਬਿਨਾਂ ਕੋਈ ਤਨਖਾਹ ਲਏ ਤੋਂ ਕੰਮ ਕਰਦੇ ਹਨ।

ਨੋਟ :- ਅੱਜ ਸਾਨੂੰ ਆਪਣੇ ਨਾਸਤਿਕ ਮੁਲਕ ਤੇ ਮਾਣ ਹੈ ਅਤੇ ਆਪਣੇ ਨਾਸਤਿਕ ਹੋਣ ਤੇ ਵੀ ਮਾਣ ਹੈ। ਇਸ ਦੇ ਨਾਲ ਨਾਲ ਨਾਸਤਕ ਸਾਥੀਆਂ ਤੇ ਮਾਣ ਹੈ ਜਿਹੜੇ ਬਿਨਾਂ ਤਨਖਾਹ ਲਿਆਂ ਲੋਕਾਂ ਦੀ ਸੇਵਾ ਕਰਦੇ ਹਨ।

❖❖❖❖❖


ਭਾਈ ਕਾਨ੍ਹ ਸਿੰਘ ਨਾਭਾ
(1861-1938)
ਆਧੁਨਿਕ ਸੁਵਿਧਾਵਾਂ ਨਾਲ ਸੰਪੰਨ ਯੂਨੀਵਰਸਿਟੀ ਲਾਇਬਰੇਰੀ ਵਿੱਚ
ਭਾਈ ਕਾਨ੍ਹ ਸਿੰਘ ਨਾਭਾ
ਦੇ 150ਵੇਂ ਜਨਮ ਵਰ੍ਹੇ ਦੇ ਮੌਕੇ ਉਨ੍ਹਾਂ ਦੀ ਪ੍ਰਤਿਮਾ ਦੀ ਸਥਾਪਨਾ
ਮਾਣਯੋਗ ਸਰਦਾਰ ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ
ਨੇ 30 ਅਪ੍ਰੈਲ, 2011 ਨੂੰ ਕੀਤੀ।

# 3

## ਰਿਸ਼ਵਤਖੋਰੀ – ਅਸਲੀ ਜ਼ਿੰਮੇਵਾਰ ਕੌਣ ?

ਦੁਨੀਆਂ ਵਿੱਚ ਲੋਕ ਵੱਖ ਵੱਖ ਕੰਮ ਕਰਕੇ ਪੈਸਾ ਕਮਾਉਂਦੇ ਹਨ ਅਤੇ ਉਨ੍ਹਾਂ ਦੇ ਖਰਚ ਕਰਨ ਦੇ ਢੰਗ ਵੀ ਵੱਖਰੇ ਵੱਖਰੇ ਹਨ।

ਇਸੇ ਤਰ੍ਹਾਂ ਵੱਖ ਵੱਖ ਲੋਕਾਂ ਦੇ ਪੜ੍ਹਨ ਦੇ ਢੰਗ ਵੀ ਵੱਖਰੇ ਵੱਖਰੇ ਹਨ। ਪੜ੍ਹਾਈ ਵਾਸਤੇ ਦਾਖਲੇ ਦੇ ਢੰਗ ਵੀ ਵੱਖਰੇ ਵੱਖਰੇ ਹਨ।

ਕਈ ਲੋਕਾਂ ਦੀ ਕੀਤੇ ਹੋਏ ਕੰਮ ਦੀ ਤਨਖਾਹ ਨਾਲ ਸੰਤੁਸ਼ਟੀ ਹੋ ਜਾਂਦੀ ਹੈ ਤੇ ਕਈਆਂ ਦੀ ਸੰਤੁਸ਼ਟੀ ਰਿਸ਼ਵਤ ਲੈ ਕੇ ਵੀ ਨਹੀਂ ਹੁੰਦੀ। ਭਾਰਤ ਵਿੱਚ ਤਾਂ ਕਈ ਲੋਕ ਤਨਖਾਹ ਤੋਂ ਪਹਿਲਾਂ ਇਹ ਪੁੱਛਦੇ ਦੇਖੇ ਗਏ ਕਿ ਉਪਰੋਂ (ਰਿਸ਼ਵਤ ਦੇ) ਪੈਸੇ ਕਿੰਨੇ ਬਣਦੇ ਹਨ ? ਇਸੇ ਤਰਾਂ ਇੱਕ ਬੰਦਾ ਇੱਕ ਫੌਜੀ ਨੂੰ ਵੀ ਪੁੱਛਣ ਚਲਾ ਗਿਆ ਕਹਿੰਦਾ ਤਨਖਾਹ ਕਿੰਨੀ ਮਿਲ ਜਾਂਦੀ ਆ ? ਫੌਜੀ ਨੇ ਤਨਖਾਹ ਦੱਸ ਦਿੱਤੀ। ਫਿਰ ਫੌਜੀ ਨੂੰ ਕਹਿੰਦਾ ਉਪਰੋਂ ਕੀ ਔਂਦਾ ? ਫੌਜੀ ਕਹਿੰਦਾ ਉਪਰੋਂ ਤਾਂ ਬੰਬ ਹੀ ਔਂਦੇ ਆ।

ਗੋਰਿਆਂ ਦੇ ਮੁਲਕਾਂ ਦੀਆਂ ਯੂਨੀਵਰਸਟੀਆਂ ਵਿੱਚ ਜਾਂ ਡਾਕਟਰੀ ਤੱਕ ਦੀ ਪੜ੍ਹਾਈ ਵਿੱਚ ਦਾਖਲਾ ਮੁਫ਼ਤ ਜਾਂ ਥੋੜ੍ਹੀ ਫੀਸ ਨਾਲ ਮਿਲ ਜਾਂਦਾ ਹੈ ਜਾਂ ਪੜ੍ਹਾਈ ਲਈ ਕਰਜ਼ਾ ਮਿਲ ਜਾਂਦਾ ਹੈ ਜੋ ਨੌਕਰੀ ਮਿਲਣ ਤੋਂ ਬਾਦ ਹੌਲੀ ਹੌਲੀ ਉਤਾਰਿਆ ਜਾ ਸਕਦਾ ਹੈ। ਭਾਰਤ ਵਿੱਚ ਇਸ ਪੜ੍ਹਾਈ ਦਾ ਸੁਪਨਾ ਵੀ ਲੈਣਾ ਔਖਾ ਹੈ।

ਗੋਰਿਆਂ ਦੇ ਮੁਲਕਾਂ ਵਿੱਚ ਜਿਹੜੇ ਲੋਕ ਡਾਕਟਰੀ ਕਰਦੇ ਹਨ ਉਹ ਸੇਵਾ ਭਾਵਨਾ ਲਈ ਡਾਕਟਰੀ ਕਰਦੇ ਹਨ ਕਿ ਅਸੀਂ ਲੋਕਾਂ ਦੀ ਜਾਨ ਬਚਾਉਣੀ ਹੈ। ਉਹ ਪੈਸਾ ਬਣਾਉਣ

ਲਈ ਡਾਕਟਰੀ ਨਹੀਂ ਕਰਦੇ। ਇੱਕ ਵਾਰ ਜਦੋਂ ਮੈਂ ਕੱਚਾ ਸੀ ਤਾਂ ਲੱਤ ਵਿੱਚ ਦਰਦ ਹੁੰਦੀ ਸੀ ਤਾਂ ਮੈਂ ਕਾਰਪਰੈਕਟਰ (Chiropractor) ਕੋਲ ਹਰ ਚੌਥੇ ਦਿਨ ਜਾਂਦਾ ਹੁੰਦਾ ਸੀ। ਕਾਰਪ੍ਰੈਕਟਰ ਵੀ ਡਾਕਟਰ ਹੀ ਹੁੰਦੇ ਹਨ। ਇਥੇ ਸ਼ਨਿਚਰਵਾਰ ਅਤੇ ਐਤਵਾਰ ਦੀ ਛੁੱਟੀ ਹੋਣ ਕਰਕੇ ਉਹ ਮੈਨੂੰ ਵੀਰਵਾਰ ਨੂੰ ਕਹਿੰਦਾ ਤੂੰ ਹੁਣ ਸੋਮਵਾਰ ਨੂੰ ਆਵੀਂ। ਮੈਂ ਕਿਹਾ ਤੂੰ ਸ਼ਨਿਚਰਵਾਰ ਨੂੰ ਵੀ ਮੈਨੂੰ ਦੇਖ ਲਵੀਂ। ਉਹ ਕਹਿੰਦਾ ਮੈਂ ਸ਼ਨਿਚਰਵਾਰ ਨੂੰ ਉਨ੍ਹਾਂ ਮਰੀਜ਼ਾਂ ਨੂੰ ਦੇਖਦਾ ਹਾਂ ਜਿਨ੍ਹਾਂ ਕਰਕੇ ਮੁਲਕ ਦਾ ਕੰਮ ਰੁਕਿਆ ਹੋਇਆ ਹੋਵੇ। ਮੈਨੂੰ ਕਹਿੰਦਾ ਤੂੰ ਕਿਹੜਾ ਕੰਮ ਕਰਦਾਂ ? ਜੇ ਥੋੜ੍ਹੇ ਦਿਨ ਮਗਰੋਂ ਵੀ ਠੀਕ ਹੋ ਗਿਆ ਕੋਈ ਫਰਕ ਨਹੀਂ ਪੈਣਾ। ਕਾਗਜ਼ਾਂ ਵਿੱਚ ਮੈਂ ਕੱਚਾ ਹੋਣ ਕਰਕੇ ਬੇਰੋਜ਼ਗਾਰ ਲਿਖਾਇਆ ਹੋਇਆ ਸੀ। ਮੈਂ ਕਿਹਾ ਪੈਸੇ ਤਾਂ ਤੈਨੂੰ ਮੈਂ ਵੀ ਦੂਜੇ ਮਰੀਜ਼ਾਂ ਜਿੰਨੇ ਹੀ ਦੇਣੇ ਹਨ। ਉਹ ਕਹਿੰਦਾ ਮੈਂ ਪੈਸੇ ਕਮਾਉਣ ਵਾਸਤੇ ਡਾਕਟਰੀ ਨਹੀਂ ਕੀਤੀ ਹੋਈ। ਮੇਰੇ ਲਈ ਮੁਲਕ ਦੀ ਤਰੱਕੀ ਪਹਿਲਾਂ ਹੈ। ਮੈਂ ਉਸ ਨੂੰ ਪੁੱਛਿਆ ਕਿ ਤੂੰ ਕਿਸ ਧਰਮ ਜਾਂ ਰੱਬ ਨੂੰ ਮੰਨਦਾਂ ? ਉਹ ਕਹਿੰਦਾ ਮੈਂ ਨਾਸਤਿਕ ਹਾਂ। ਨਾਂ ਕਦੇ ਕਿਸੇ ਧਾਰਮਿਕ ਅਸਥਾਨ ਤੇ ਗਿਆ ਅਤੇ ਨਾਂ ਹੀ ਕਿਸੇ ਧਰਮ ਜਾਂ ਰੱਬ ਨੂੰ ਮੰਨਦਾਂ। ਮੈਂ ਫਿਰ ਪੁੱਛਿਆ ਕਿ ਤੇਰੇ ਵਿੱਚ ਏਨੇ ਚੰਗੇ ਗੁਣ ਕਿਵੇਂ ਆ ਗਏ ? ਉਹ ਕਹਿੰਦਾ ਚੰਗੇ ਗੁਣਾਂ ਵਾਸਤੇ ਧਰਮ ਜਾਂ ਰੱਬ ਨੂੰ ਮੰਨਣਾ ਜ਼ਰੂਰੀ ਨਹੀਂ ਪਰ ਧਰਮ ਜਾਂ ਰੱਬ ਨੂੰ ਮੰਨਣ ਵਾਲੇ ਲਈ ਚੰਗੇ ਗੁਣ ਅਪਨਾਉਣੇ ਜ਼ਰੂਰੀ ਹੁੰਦੇ ਹਨ। ਉਸ ਦੀ ਇਹ ਗੱਲ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜਦੀ ਰਹਿੰਦੀ ਹੈ।

ਭਾਰਤ ਵਿੱਚ ਡਾਕਟਰੀ ਦੀ ਪੜ੍ਹਾਈ ਵਿੱਚ ਦਾਖਲਾ ਲੈਣਾ ਮੁਸ਼ਕਲ ਹੋ ਜਾਂਦਾ ਹੈ ਜਾਂ ਦਾਖਲਾ ਲੈਣ ਲਈ ਬੇਹਿਸਾਬਾ ਪੈਸਾ ਲੱਗ ਜਾਂਦਾ ਹੈ। ਐਨਾ ਪੈਸਾ ਲਗਾਉਣ ਤੋਂ ਬਾਦ ਸੇਵਾ ਭਾਵਨਾ ਬਹੁਤ ਘੱਟ ਡਾਕਟਰਾਂ ਵਿੱਚ ਪੈਦਾ ਹੋਵੇਗੀ ਕਿਉਂਕਿ ਉਨ੍ਹਾਂ ਨੇ ਲੱਗਾ ਪੈਸਾ ਵੀ ਪੂਰਾ ਕਰਨਾ ਹੁੰਦਾ ਹੈ। ਇਸ ਦੇ ਬਾਵਯੂਦ ਕੁੱਝ ਗਿਣਤੀ ਦੇ ਡਾਕਟਰ ਭਾਰਤ ਵਿੱਚ ਸੇਵਾ ਭਾਵਨਾ ਨਾਲ ਕੰਮ ਕਰਦੇ ਹਨ ਉਨ੍ਹਾਂ ਨੂੰ ਮੇਰੇ ਵਲੋਂ ਸਲਾਮ ਹੈ।

ਜਦੋਂ ਗੋਰਿਆਂ ਵੱਲ ਧਿਆਨ ਮਾਰੀਏ ਤਾਂ ਇਹ ਆਪਣੇ ਐਸ਼ੋ ਅਰਾਮ ਤੇ ਜਿਆਦਾ ਪੈਸੇ ਖਰਚਦੇ ਹਨ ਅਤੇ ਆਪਣੇ ਬੱਚਿਆਂ ਵਾਸਤੇ ਜੋੜਨ ਦਾ ਬਹੁਤਾ ਧਿਆਨ ਨਹੀਂ ਕਰਦੇ। ਇਨ੍ਹਾਂ ਦੇ ਧਾਰਮਿਕ ਖਰਚੇ ਵੀ ਘੱਟ ਹਨ ਕਿਉਂਕਿ ਇਨ੍ਹਾਂ ਵਿੱਚ ਸੁੱਖਣਾ ਸੁਖਣ ਦਾ ਰਿਵਾਜ਼ ਨਹੀਂ ਹੈ। ਭਾਵ ਕਿ ਇਹ ਰੱਬ ਤੇ ਯਕੀਨ ਵੀ ਕਰਦੇ ਹੋਣ, ਪ੍ਰਾਰਥਨਾ ਵੀ ਕਰਦੇ ਹੋਣ ਪਰ ਫਿਰ ਵੀ ਰੱਬ ਤੋਂ ਕੋਈ ਕੰਮ ਕਰਵਾਉਂਣ ਵਾਸਤੇ ਉਸ ਨੂੰ ਰਿਸ਼ਵਤ ਨਹੀਂ ਦਿੰਦੇ। ਇਨ੍ਹਾਂ ਵਿਚੋਂ ਜਿਆਦਾ ਪ੍ਰਾਰਥਨਾ ਵੀ ਆਮ ਤੌਰ ਤੇ ਹਫਤੇ ਵਿੱਚ ਇੱਕ ਵਾਰ ਹੀ ਕਰਦੇ ਹਨ। ਇਹ ਭਾਰਤੀ ਲੋਕਾਂ ਵਾਂਗ ਆਪਣੇ ਰੱਬ ਜਾਂ ਧਰਮ ਨੂੰ ਮਹਾਨ ਹੋਣ ਦਾ ਹਰ ਰੋਜ਼ ਹੋਕਾ ਨਹੀਂ ਦਿੰਦੇ। ਇਨ੍ਹਾਂ ਦਾ ਮੰਨਣਾ ਹੈ ਕਿ ਜੇ ਕੋਈ ਮਹਾਨ ਹੈ ਤਾਂ ਉਸ ਨੂੰ ਦੱਸਣ ਦੀ ਲੋੜ ਨਹੀਂ

ਪੈਂਦੀ ਜਾਂ ਮਹਾਨ ਸਾਬਤ ਕਰਨ ਦੀ ਲੋੜ ਨਹੀਂ ਪੈਂਦੀ। ਉਸ ਦਾ ਦੂਜਿਆਂ ਨੂੰ ਆਪਣੇ ਆਪ ਪਤਾ ਲੱਗ ਜਾਂਦਾ ਹੈ।

ਭਾਰਤ ਵਿੱਚ ਰਿਸ਼ਵਤਖੋਰੀ ਦੀ ਸਮੱਸਿਆ ਬਾਰੇ ਅਕਸਰ ਸੋਚਦਾ ਰਹਿੰਦਾ ਹਾਂ। ਜਿਥੇ ਜਾਓ ਉਥੇ ਹੀ ਰਿਸ਼ਵਤ ਮੰਗੀ ਜਾਂਦੀ ਹੈ। ਜੇ ਕਿਸੇ ਦਾ ਪਤਾ ਲੱਗ ਜਾਵੇ ਕਿ ਇਹ ਵਿਦੇਸ਼ੋਂ ਆਇਆ ਹੈ ਤਾਂ ਰਿਸ਼ਵਤ ਦੀ ਮੰਗ ਵੱਡੀ ਹੋ ਜਾਂਦੀ ਹੈ।

ਮੈਂ ਸੋਚਦਾ ਰਹਿੰਦਾ ਹਾਂ ਕਿ ਰਿਸ਼ਵਤ ਕਿਥੋਂ ਬੰਦ ਕਰਨੀ ਸ਼ੁਰੂ ਕੀਤੀ ਜਾਵੇ ? ਜਾਂ ਰਿਸ਼ਵਤ ਦੀ ਸ਼ੁਰੂਆਤ ਕਿਥੋਂ ਹੋਈ ਹੋਵੇਗੀ ?

ਜਿਸ ਵੇਲੇ ਮੈਂ ਇਸ ਦੀ ਜੜ੍ਹ ਤਾਈਂ ਜਾਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਰਾਹ ਵਿੱਚ ਰੱਬ ਆ ਜਾਂਦਾ ਹੈ। ਹੁਣ ਲੋਕ ਰੱਬ ਅੱਗੇ ਨੱਕ ਰਗੜ ਕੇ ਸੁੱਖਣਾ ਸੁਖਦੇ ਦਿਸਦੇ ਹਨ ਜੋ ਰੱਬ ਤੋਂ ਆਪਣਾ ਕੰਮ ਕਰਵਾਉਂਣ ਵੱਟੇ ਉਸ ਨੂੰ ਰਿਸ਼ਵਤ ਦਿੰਦੇ ਹਨ। ਰੱਬ ਨੇ ਵੀ ਇਸ ਪ੍ਰਤੀ ਕਦੇ ਵਿਰੋਧ ਨਹੀਂ ਦਿਖਾਇਆ। ਹੁਣ ਜੇਕਰ ਅਸੀਂ ਰੱਬ ਨੂੰ ਰਿਸ਼ਵਤਖੋਰੀ ਤੇ ਲਾ ਲਿਆ ਤਾਂ ਆਮ ਇਨਸਾਨਾਂ ਤੇ ਰਿਸ਼ਵਤ ਲੈਣ ਦੇ ਇਲਜ਼ਾਮ ਕਿਉਂ ਲਗਾਉਂਦੇ ਹਾਂ ?

ਧਾਰਮਿਕ ਲੋਕਾਂ ਮੁਤਾਬਕ ਰੱਬ ਨੇ ਸਾਰੀ ਦੁਨੀਆਂ ਪੈਦਾ ਕੀਤੀ। ਉਨ੍ਹਾਂ ਮੁਤਾਬਕ ਜੋ ਕੁੱਝ ਕਰਦਾ ਹੈ ਉਹ ਰੱਬ ਹੀ ਕਰਦਾ ਹੈ। ਰੱਬ ਦੀ ਇੱਛਾ ਤੋਂ ਬਿਨਾਂ ਕੁੱਝ ਨਹੀਂ ਹੋ ਸਕਦਾ। ਇਸ ਮੁਤਾਬਕ ਦੁਨੀਆਂ ਦੇ ਸਾਰੇ ਲੋਕ ਰੱਬ ਦੇ ਪੁੱਤ ਤੇ ਧੀਆਂ ਹੋਏ। ਹੁਣ ਪੁੱਤ ਤੇ ਧੀਆਂ ਜਨਮ ਤੋਂ ਬਾਦ ਸਭ ਤੋਂ ਪਹਿਲਾਂ ਆਪਣੇ ਮਾਪਿਆਂ ਤੋਂ ਸਿੱਖਣਾ ਸ਼ੁਰੂ ਕਰਦੇ ਹਨ। ਇਸ ਦਾ ਮਤਲਬ ਜੇ ਬਾਪ (ਰੱਬ) ਰਿਸ਼ਵਤ ਲੈਂਦਾ ਹੈ ਤਾਂ ਉਸ ਨੂੰ ਦੇਖ ਕੇ ਉਸ ਦੇ ਬੱਚੇ ਵੀ ਰਿਸ਼ਵਤ ਜ਼ਰੂਰ ਲੈਣਾ ਸਿੱਖਣਗੇ। ਫਿਰ ਉਨ੍ਹਾਂ ਨੂੰ ਫੜ ਫੜ ਕੇ ਕੇਸ ਚਲਾਉਣ ਦਾ ਕੀ ਫਾਇਦਾ ? ਅਸਲੀ ਦੋਸ਼ੀ ਤਾਂ ਰੱਬ ਹੋਇਆ।

ਜਦੋਂ ਕਤਲ ਦਾ ਕੇਸ ਚੱਲਦਾ ਹੈ ਤਾਂ ਇਕੱਲਾ ਕਾਤਿਲ ਨੂੰ ਦੋਸ਼ੀ ਨਹੀਂ ਮੰਨਿਆਂ ਜਾਂਦਾ ਸਗੋਂ ਜਿਸ ਨੇ ਉਸ ਨੂੰ ਕਤਲ ਕਰਨ ਲਈ ਉਕਸਾਇਆ ਹੋਵੇ ਉਸ ਨੂੰ ਵੀ ਦੋਸ਼ੀ ਮੰਨਿਆਂ ਜਾਂਦਾ ਹੈ। ਹੁਣ ਇਹੀ ਕਨੂੰਨ ਜੇ ਰਿਸ਼ਵਤ ਲੈਣ ਵਾਲਿਆਂ ਤੇ ਲਾਗੂ ਕਰਕੇ ਦੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਰਿਸ਼ਵਤ ਲੈਣ ਵਾਲਿਆਂ ਨੂੰ ਉਨ੍ਹਾਂ ਦੇ ਬਾਪ (ਰੱਬ) ਨੇ ਰਿਸ਼ਵਤ ਲੈਣ ਲਈ ਉਕਸਾਇਆ ਕਿਉਂਕਿ ਉਹ ਖੁਦ ਰਿਸ਼ਵਤ ਲੈਂਦਾ ਸੀ। ਇਸ ਲਈ ਉਹ ਵੀ ਰਿਸ਼ਵਤ ਲੈਣ ਵਾਲਿਆਂ ਦੇ ਨਾਲ ਹੀ ਦੋਸ਼ੀ ਹੈ। ਇਸ ਤੋਂ ਵੀ ਅੱਗੇ ਜਦੋਂ ਬੱਚੇ ਨੇ ਰੱਬ ਨੂੰ ਰਿਸ਼ਵਤ ਲੈਂਦੇ ਦੇਖਿਆ ਉਸ ਵੇਲੇ ਬੱਚਾ ਨਬਾਲਗ ਸੀ ਇਸ ਕਰਕੇ ਸਜ਼ਾ ਉਸ ਵਾਸਤੇ ਨਹੀਂ ਬਣਦੀ

ਇਕੱਲੀ ਰੱਬ ਵਾਸਤੇ ਹੀ ਬਣਦੀ ਹੈ।

ਨੋਟ :- ਜੇ ਰਿਸ਼ਵਤਖੋਰੀ ਬੰਦ ਕਰਨੀ ਹੈ ਤਾਂ ਪਹਿਲਾਂ ਰੱਬ ਨੂੰ ਦਿੱਤੀ ਜਾਂਦੀ ਰਿਸ਼ਵਤ ਬੰਦ ਕਰਨੀ ਪਵੇਗੀ ਅਤੇ ਫਿਰ ਉਸ ਦੇ ਬੱਚਿਆਂ ਦੀ। ਜਾਂ ਰੱਬ ਤੇ ਵੀ ਰਿਸ਼ਵਤਖੋਰੀ ਦੇ ਕੇਸ ਚਲਾਉਣ ਦੀ ਲੋੜ ਹੈ।

❖❖❖❖❖



# 4

## ਬਚ ਲਵੋ ਜਿਸ ਤੋਂ ਬਚ ਸਕਦੇ ਹੋ

ਸਮੇਂ ਸਮੇਂ ਤੇ ਵੱਖ ਵੱਖ ਮੁਲਕਾਂ ਵਿੱਚ ਵੱਖ ਵੱਖ ਖਤਰਿਆਂ ਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿਚੋਂ ਕੁੱਝ ਮੁਸੀਬਤਾਂ ਕੁਦਰਤੀ ਪੈਦਾ ਹੋ ਜਾਂਦੀਆਂ ਹਨ। ਕੁੱਝ ਸਰਕਾਰਾਂ ਦੁਆਰਾ ਪੈਦਾ ਕਰ ਦਿਤੀਆਂ ਜਾਂਦੀਆਂ ਹਨ ਅਤੇ ਕੁੱਝ ਚਲਾਕ ਲੋਕਾਂ ਦੁਆਰਾ ਪੈਦਾ ਕਰ ਦਿਤੀਆਂ ਜਾਂਦੀਆਂ ਹਨ।

ਜੋ ਮੁਸੀਬਤਾਂ ਕੁਦਰਤੀ ਪੈਦਾ ਹੁੰਦੀਆਂ ਹਨ ਉਨ੍ਹਾਂ ਵਿਚੋਂ ਜਿਆਦਾ ਮੁਸੀਬਤਾਂ ਵਾਸਤੇ ਤਰੱਕੀ ਵਾਲੇ ਮੁਲਕ ਤਕਰੀਬਨ ਪਹਿਲਾਂ ਹੀ ਤਿਆਰੀ ਕਰਕੇ ਬੈਠੇ ਹੁੰਦੇ ਹਨ ਜਿਸ ਤਰਾਂ ਹੜ੍ਹ, ਭੁਚਾਲ ਅਤੇ ਸੋਕਾ ਆਦਿ।

ਜੋ ਮੁਸੀਬਤਾਂ ਸਰਕਾਰਾਂ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਦਾ ਬਹੁਤ ਥੋੜ੍ਹੇ ਲੋਕਾਂ ਨੂੰ ਪਤਾ ਲਗਦਾ ਕਿ ਇਨ੍ਹਾਂ ਮੁਸੀਬਤਾਂ ਪਿੱਛੇ ਕੌਣ ਹੈ ? ਜੋ ਸਰਕਾਰ ਦੇ ਅੰਨ੍ਹੇ ਭਗਤ ਹੁੰਦੇ ਹਨ ਉਨ੍ਹਾਂ ਨੂੰ ਦੱਸੇ ਤੇ ਵੀ ਉਹ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਇਨਾਂ ਮੁਸੀਬਤਾਂ ਪਿੱਛੇ ਸਰਕਾਰ ਦਾ ਹੱਥ ਹੈ। ਇਸ ਤਰ੍ਹਾਂ ਦੀਆਂ ਮੁਸੀਬਤਾਂ ਪਛੜੇ ਮੁਲਕਾਂ ਵਿੱਚ ਜਿਆਦਾ ਹੁੰਦੀਆਂ ਹਨ।

ਜੋ ਮੁਸੀਬਤਾਂ ਚਲਾਕ ਲੋਕਾਂ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ ਉਹ ਸਭ ਤੋਂ ਖਤਰਨਾਕ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਤੋਂ ਬਚਣਾ ਬਹੁਤ ਮੁਸ਼ਕਲ ਹੁੰਦਾ ਹੈ। ਇਸ ਤਰ੍ਹਾਂ ਦੀਆਂ ਮੁਸੀਬਤਾਂ ਵਿੱਚ ਲਾਈਲੱਗ ਲੋਕ ਵੱਧ ਫਸਦੇ ਹਨ। ਉਨ੍ਹਾਂ ਲਾਈਲੱਗਾਂ ਵਿੱਚ ਵੱਡੀ ਗਿਣਤੀ ਅਨਪੜ੍ਹਾਂ ਦੀ ਹੁੰਦੀ ਹੈ ਤੇ ਕੁੱਝ ਪੜ੍ਹੇ ਲਿਖੇ ਵੀ ਸ਼ਾਮਿਲ ਹੁੰਦੇ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਜੇ ਇਨ੍ਹਾਂ ਨੂੰ ਕੋਈ ਇਸ ਤਰ੍ਹਾਂ ਦੀਆਂ ਮੁਸੀਬਤਾਂ ਵਿਚੋਂ ਕੱਢਣ ਦੀ ਕੋਸ਼ਿਸ਼

ਕਰੇ ਤਾਂ ਇਹ ਉਸ ਨੂੰ ਆਪਣਾ ਸਹਿਯੋਗੀ ਸਮਝਣ ਦੀ ਬਜਾਏ ਆਪਣਾ ਵਿਰੋਧੀ ਸਮਝਣ ਲੱਗ ਪੈਂਦੇ ਹਨ ਜਿਸ ਕਰਕੇ ਇਨ੍ਹਾਂ ਦਾ ਨੁਕਸਾਨ ਹੋਣਾ ਲਗਭਗ ਤਹਿ ਹੁੰਦਾ ਹੈ।

ਜੇਕਰ ਹੁਣ ਦੇ ਹਲਾਤਾਂ ਵੱਲ ਨਿਗ੍ਹਾ ਮਾਰੀਏ ਤਾਂ ਧਰਤੀ ਦੇ ਥੱਲੇ ਉਥਲ ਪੁਥਲ ਚੱਲਦੀ ਰਹਿੰਦੀ ਹੈ ਉਸ ਕਾਰਨ ਧਰਤੀ ਥੱਲੇ ਭੁਚਾਲ ਆਉਂਦੇ ਰਹਿੰਦੇ ਹਨ। ਕਈ ਵਾਰ ਇਹ ਧਰਤੀ ਉੱਪਰ ਵੀ ਤਬਾਹੀ ਮਚਾਉਂਦੇ ਹਨ।

ਹੁਣ ਜਦੋਂ ਭਾਰਤ ਵੱਲ ਨਿਗ੍ਹਾ ਮਾਰਦਾ ਹਾਂ ਤਾਂ ਮੇਰਾ ਫਿਕਰ ਹੋਰ ਵਧ ਜਾਂਦਾ ਹੈ। ਧਰਤੀ ਦੇ ਥੱਲੇ ਵਾਲੇ ਖਤਰੇ ਤੋਂ ਇਲਾਵਾ ਉਥੇ ਧਰਤੀ ਦੇ ਉੱਪਰ ਕਰੋਨਾ ਚੱਲ ਰਿਹਾ ਹੈ ਜੋ ਮਹਾਂਮਾਰੀ ਦਾ ਰੂਪ ਧਾਰਨ ਕਰ ਗਿਆ ਹੈ। ਅਸਮਾਨ ਵਿੱਚ ਟਿੱਡੀ ਦਲ ਨੇ ਹਮਲਾ ਬੋਲਿਆ ਹੋਇਆ ਹੈ। ਭਾਵ ਪਤਾਲ ਵਿੱਚ ਵੀ ਖਤਰਾ ਅਸਮਾਨ ਵਿੱਚ ਵੀ ਖਤਰਾ ਤੇ ਜਮੀਨ ਤੇ ਵੀ ਖਤਰਾ।

ਇਸ ਤੋਂ ਇਲਾਵਾ ਇੱਕ ਹੋਰ ਦਲ ਆਪਣੇ ਔਜ਼ਾਰ ਤਿੱਖੇ ਕਰਕੇ ਤੁਹਾਡੀ ਉਡੀਕ ਕਰ ਰਿਹਾ ਹੈ। ਕਰੋਨਾ ਦੀ ਵਜ੍ਹਾ ਕਰਕੇ ਲੌਕ ਡੌਨ ਕਰਕੇ ਇਸ ਦਲ ਦਾ ਬਹੁਤ ਮੰਦਾ ਪਿਆ ਹੋਇਆ ਹੈ। ਇਹ ਦਲ ਤੁਹਾਡੇ ਬਾਹਰ ਨਿਕਲਣ ਦੀ ਭਾਲ ਵਿੱਚ ਹੈ। ਇਸ ਦਲ ਨੂੰ ਪੁਜਾਰੀ ਦਲ ਕਹਿੰਦੇ ਹਨ। ਇਹ ਦਲ ਧਾਰਮਿਕ ਅਸਥਾਨਾਂ ਵਿੱਚ ਪਾਇਆ ਜਾਂਦਾ ਹੈ। ਇਹ ਟਿੱਡੀ ਦਲ ਨਾਲੋਂ ਵੀ ਵੱਧ ਖਤਰਨਾਕ ਹੁੰਦਾ ਹੈ ਕਿਉਂਕਿ ਟਿੱਡੀ ਦਲ ਤਾਂ ਥੋੜ੍ਹੇ ਚਿਰ ਲਈ ਹਮਲਾ ਬੋਲਦਾ ਹੈ ਪਰ ਪੁਜਾਰੀ ਦਲ ਸਦਾ ਬਹਾਰ ਹੈ। ਇਹ ਆਪਣੀ ਡਿਊਟੀ ਤੁਹਾਡੇ ਜਨਮ ਤੋਂ ਪਹਿਲਾਂ ਸ਼ੁਰੂ ਕਰ ਦਿੰਦਾ ਹੈ ਤੇ ਇਸ ਦੀ ਡਿਊਟੀ ਤੁਹਾਡੇ ਮਰਨ ਤੋਂ ਬਾਦ ਵੀ ਲੁੱਟਣ ਵਾਸਤੇ ਲੱਗੀ ਰਹਿੰਦੀ ਹੈ। ਇਸ ਕਰਕੇ ਇਹ ਤੁਹਾਡੀਆਂ ਪੀੜ੍ਹੀਆਂ ਨੂੰ ਕਈ ਜਨਮਾਂ ਤੋਂ ਲੁੱਟ ਕੇ ਤੇ ਉਨ੍ਹਾਂ ਨੂੰ ਗਰੀਬੀ ਵਿੱਚ ਰੱਖ ਕੇ "ਰੱਬ ਗਰੀਬੀ ਦਾਵੇ ਮਿਲਦਾ ਹੈ" ਦਾ ਸੁਨੇਹਾ ਦਿੰਦਾ ਹੈ। ਹੁਣ ਕਰੋਨਾ ਕਰਕੇ ਤੁਸੀਂ ਇਸ ਸੁਨੇਹੇ ਤੋਂ ਵਾਂਝੇ ਹੋ ਤੇ ਇਹ ਸੁਣਨ ਲਈ ਤੁਸੀਂ ਬੇਸਬਰੀ ਨਾਲ ਉਡੀਕ ਵੀ ਕਰ ਰਹੇ ਹੋਵੋਂਗੇ ਤੇ ਇਹ ਸੁਣਨ ਵਾਸਤੇ ਤੁਸੀਂ ਕੁੱਝ ਦਾਨ ਦੇਣ ਲਈ ਵੀ ਤਿਆਰ ਕਰ ਲਿਆ ਹੋਣਾ। ਤੁਹਾਡੇ ਬਾਹਰ ਨਿਕਲਦਿਆਂ ਹੀ ਇਹ ਕਹਿਣਾ ਸ਼ੁਰੂ ਕਰ ਦੇਵੇਗਾ ਕਿ ਲੌਕ ਡੌਨ ਦੌਰਾਨ ਬਾਬਾ ਜੀ ਤਾਂ ਲੋਕਾਂ ਨੂੰ ਬਚਾਉਣ ਲਈ ਭੋਰੇ ਵਿੱਚ ਭਗਤੀ ਹੀ ਕਰਦੇ ਰਹੇ। ਬਾਬਾ ਜੀ ਨੇ ਤਾਂ ਰੋਟੀ ਵੀ ਛੱਡੀ ਰੱਖੀ। ਬਾਬਾ ਜੀ ਦਾ ਭਾਰ ਭਾਵੇਂ ਪਹਿਲਾਂ ਨਾਲੋਂ ਵੀ ਵਧਿਆ ਹੋਵੇਗਾ ਪਰ ਅੰਨ੍ਹੇ ਭਗਤ ਫਿਰ ਵੀ ਬਾਬਾ ਜੀ ਦਾ ਕਿਹਾ ਮੰਨਣਗੇ।

ਇਸ ਪੁਜਾਰੀ ਦਲ ਦੀ ਇੱਕ ਹੋਰ ਖਾਸੀਅਤ ਹੈ ਜਿਸ ਕਰਕੇ ਇਹ ਟਿੱਡੀ ਦਲ ਨਾਲੋਂ ਵੱਧ ਖਤਰਨਾਕ ਹੈ। ਟਿੱਡੀ ਦਲ ਨੂੰ ਤੁਸੀਂ ਇੱਕ ਵਾਰੀ ਦੇਖ ਕੇ ਪਹਿਚਾਣ ਲਵੋਂਗੇ ਪਰ ਪੁਜਾਰੀ

ਦਲ ਥਾਂ ਥਾਂ ਰੂਪ ਵਟਾਉਂਦਾ ਰਹਿੰਦਾ ਹੈ। ਇਸ ਕਰਕੇ ਇਸ ਦਲ ਨੂੰ ਦੇਖ ਕੇ ਲੋਕਾਂ ਵਾਸਤੇ ਖਤਰੇ ਦਾ ਅਹਿਸਾਸ ਹੋਣਾ ਬਹੁਤ ਔਖਾ ਹੁੰਦਾ ਹੈ। ਫਿਰ ਇਹ ਪੁਜਾਰੀ ਦਲ ਆਪਣੀ ਕੁਆਲਿਟੀ ਨੂੰ ਵੀ ਦੂਜੇ ਦੀ ਕੁਆਲਿਟੀ ਨਾਲੋਂ ਵਧੀਆ ਦੱਸਣ ਲੱਗ ਪੈਂਦਾ ਹੈ।

ਪੁਜਾਰੀ ਦਲ ਦੀ ਮਾਰ ਟਿੱਡੀ ਦਲ ਨਾਲੋਂ ਵੈਸੇ ਵੀ ਵੱਖਰੀ ਹੈ। ਟਿੱਡੀ ਦਲ ਆਪ ਚੱਲ ਕੇ ਆਉਂਦਾ ਹੈ ਤੁਹਾਡਾ ਨੁਕਸਾਨ ਕਰਨ ਅਤੇ ਜਿਆਦਾ ਹਾਲਾਤਾਂ ਵਿੱਚ ਪੁਜਾਰੀ ਦਲ ਕੋਲ ਤੁਸੀਂ ਖੁਦ ਆਪਣਾ ਨੁਕਸਾਨ ਕਰਵਾਉਣ ਆਪ ਚੱਲ ਕੇ ਜਾਂਦੇ ਹੋ। ਇਸ ਕਰਕੇ ਇਹ ਦਲ ਆਰਥਿਕ ਨੁਕਸਾਨ ਦੇ ਨਾਲ ਨਾਲ ਮਾਨਸਿਕ ਅਤੇ ਸਰੀਰਕ ਨੁਕਸਾਨ ਵੀ ਕਰ ਜਾਂਦਾ ਹੈ।

ਪੁਜਾਰੀ ਦਲ ਦਾ ਟਿੱਡੀ ਦਲ ਨਾਲੋਂ ਇੱਕ ਫਰਕ ਹੋਰ ਹੈ। ਟਿੱਡੀ ਦਲ ਸਿਰਫ ਛੇ ਕਿਲੋਮੀਟਰ ਪ੍ਰਤੀ ਘੰਟੇ ਨਾਲ ਦੌੜਦਾ ਹੈ ਪਰ ਪੁਜਾਰੀ ਦਲ ਕੁੱਝ ਮਿੰਟਾਂ ਵਿੱਚ ਹੀ ਸਾਰੀ ਦੁਨੀਆਂ ਵਿੱਚ ਸੋਸ਼ਲ ਮੀਡੀਆ ਰਾਹੀਂ ਮਿੰਟਾਂ ਵਿੱਚ ਹੱਲਾ ਬੋਲ ਦਿੰਦਾ ਹੈ ਅਤੇ ਬਹੁਤੇ ਟੀ ਵੀ ਚੈਨਲ ਵੀ ਇਸ ਦਲ ਨੇ ਤਕਰੀਬਨ ਕਬਜ਼ੇ ਵਿੱਚ ਕੀਤੇ ਹੋਏ ਹਨ। ਸਰਕਾਰਾਂ ਵੀ ਇਸ ਦਲ ਨੇ ਕਬਜ਼ੇ ਵਿੱਚ ਕੀਤੀਆਂ ਹੁੰਦੀਆਂ ਹਨ ਕਿਉਂਕਿ ਸਰਕਾਰਾਂ ਨੇ ਇਨ੍ਹਾਂ ਦੇ ਅੰਨ੍ਹੇ ਭਗਤਾਂ ਤੋਂ ਵੋਟਾਂ ਲੈਣੀਆਂ ਹੁੰਦੀਆਂ ਹਨ।

ਮੈਂ ਤਾਂ ਤੁਹਾਨੂੰ ਇਨ੍ਹਾਂ ਖਤਰਿਆਂ ਬਾਰੇ ਸੁਚੇਤ ਹੀ ਕੀਤਾ ਹੈ ਪਰ ਮੈਂ ਤੁਹਾਨੂੰ ਰੋਕਣ ਦੀ ਗੁਸਤਾਖੀ ਨਹੀਂ ਕਰ ਸਕਦਾ ਕਿਉਂਕਿ ਤੁਸੀਂ ਕਦੇ ਪਹਿਲਾਂ ਨਹੀਂ ਰੁਕੇ ਤਾਂ ਹੁਣ ਕਿਉਂ ਰੁਕੋਗੇ ? ਨਾਲੇ ਮੈਂ ਤੁਹਾਨੂੰ ਰੋਕ ਕੇ ਤੁਹਾਡਾ ਵਿਰੋਧੀ ਥੋੜ੍ਹੋ ਬਣਨਾ। ਮੈਂ ਤਾਂ ਤੁਹਾਡੇ ਹੱਕ ਵਿੱਚ ਖੜ੍ਹਾਂਗਾ। ਜਦੋਂ ਤੁਸੀਂ ਲੁੱਟ ਹੋਏ ਫਿਰ ਝੂਠੀ ਹਮਦਰਦੀ ਪ੍ਰਗਟ ਕਰਨ ਵੀ ਆਵਾਂਗਾ। ਤੁਸੀਂ ਮੇਰੇ ਅੱਗੇ ਦੁੱਖ ਵੀ ਰੋਵੋਗੇ। ਮੈਂ ਤੁਹਾਨੂੰ ਝੂਠੀ ਤਸੱਲੀ ਵੀ ਦਿਆਂਗਾ। ਫਿਰ ਤੁਸੀਂ ਕਹੋਗੇ ਕਿ ਸਾਡੀ ਕਿਸਮਤ ਹੀ ਮਾੜੀ ਹੈ। ਮੈਂ ਨਾਂ ਸਹਿਮਤ ਹੁੰਦਾ ਹੋਇਆ ਵੀ ਤੁਹਾਡੀ ਹਾਂ ਵਿੱਚ ਹਾਂ ਮਿਲਾਵਾਂਗਾ।

ਜੇ ਤੁਸੀਂ ਮੇਰੇ ਕਹੇ ਰੁਕ ਗਏ ਫਿਰ ਤਾਂ ਤੁਹਾਡਾ ਅਗਲਾ ਜਨਮ ਖਰਾਬ ਹੋ ਜਾਊ ਜਿਹੜਾ ਹੁੰਦਾ ਹੀ ਨਹੀਂ।

❖❖❖❖❖


KHURDPUR TAUN
Avtar Enterprises Limited
Residential Property Management
4AVTAR

# 5

## ਪੈਸੇ ਦੀ ਬੱਚਤ ਗਰੀਬੀ ਵੱਲ ਤੋਰਦੀ ਹੈ
## *ਆਓ ਦੇਖੀਏ ਕਿੱਦਾਂ ?*

ਬਹੁਤੀ ਵੱਡੀ ਗਿਣਤੀ ਵਿੱਚ ਭਾਰਤੀਆਂ ਨੂੰ ਪੈਸੇ ਬਚਾਉਣ ਦੀ ਆਦਤ ਹੁੰਦੀ ਹੈ। ਇਸ ਦੇ ਮੁਕਾਬਲੇ ਗੋਰਿਆਂ ਵਿੱਚ ਇਹ ਆਦਤ ਬਹੁਤ ਘੱਟ ਹੁੰਦੀ ਹੈ। ਭਾਰਤੀਆਂ ਨੂੰ ਪੈਸੇ ਬਚਾਉਣ ਦੀ ਕੋਈ ਟ੍ਰੇਨਿੰਗ ਦੀ ਲੋੜ ਨਹੀਂ ਪੈਂਦੀ। ਇਹ ਆਦਤ ਉਨ੍ਹਾਂ ਵਿੱਚ ਬਚਪਨ ਤੋਂ ਹੀ ਪੈ ਜਾਂਦੀ ਹੈ। ਉਸ ਦੇ ਮੁਕਾਬਲੇ ਜਿਆਦਾ ਗੋਰਿਆਂ ਨੂੰ ਇਸ ਪ੍ਰਤੀ ਟ੍ਰੇਨਿੰਗ ਲੈਣੀ ਪੈਂਦੀ ਹੈ। ਕਈ ਗੋਰਿਆਂ ਨੂੰ ਤਾਂ ਘਰ ਦਾ ਬੱਜਟ ਬਣਾਉਣ ਦੀ ਵੀ ਟ੍ਰੇਨਿੰਗ ਲੈਣੀ ਪੈਂਦੀ ਹੈ। ਮੈਨੂੰ ਲਗਦਾ ਹੈ ਕਿ ਭਾਰਤੀਆਂ ਨੂੰ ਭਾਰਤ ਵਿੱਚ ਹੁੰਦਿਆਂ ਲੋੜ ਵੇਲੇ ਜਾਂ ਕੁਦਰਤੀ ਆਫਤਾਂ ਵੇਲੇ ਸਰਕਾਰਾਂ ਵਲੋਂ ਕੋਈ ਖਾਸ ਮੱਦਦ ਨਹੀਂ ਮਿਲਦੀ ਇਸ ਕਰਕੇ ਉਨ੍ਹਾਂ ਨੂੰ ਆਪਣੇ ਆਉਣ ਵਾਲੇ ਸਮੇਂ ਵਾਸਤੇ ਪੈਸੇ ਨੂੰ ਬਚਾ ਕੇ ਰੱਖਣਾ ਪੈਂਦਾ ਹੈ। ਇਸ ਦੇ ਮੁਕਾਬਲੇ ਗੋਰਿਆਂ ਨੂੰ ਔਖੇ ਵੇਲੇ ਸਰਕਾਰਾਂ ਮੱਦਦ ਕਰ ਦਿੰਦੀਆਂ ਹਨ ਜਿਸ ਕਰਕੇ ਉਨ੍ਹਾਂ ਨੂੰ ਬੱਚਤ ਦੀ ਆਦਤ ਨਹੀਂ ਪੈਂਦੀ। ਭਾਰਤੀ ਵਿਦੇਸ਼ਾਂ ਵਿੱਚ ਵੀ ਚਲੇ ਜਾਣ ਤਾਂ ਵੀ ਉਨ੍ਹਾਂ ਦੀ ਇਹ ਆਦਤ ਨਹੀਂ ਜਾਂਦੀ ਭਾਵੇਂ ਕਿ ਭਾਰਤੀਆਂ ਨੂੰ ਗੋਰਿਆਂ ਵਾਲੀਆਂ ਸਹੂਲਤਾਂ ਵੀ ਮਿਲਣ ਲੱਗ ਪੈਣ।

ਜਿਸ ਤਰ੍ਹਾਂ ਭਾਰਤੀ ਸੋਚਦੇ ਹਨ ਕਿ ਇਸ ਹਫਤੇ ਅਸੀਂ ਕਿੰਨੇ ਡਾਲਰ ਬਚਾਉਣੇ ਹਨ ? ਇਸੇ ਤਰਾਂ ਗੋਰੇ ਸੋਚਦੇ ਹਨ ਕਿ ਸਾਡੇ ਕੋਲ ਏਨੇ ਪੈਸੇ ਬਚੇ ਹਨ ਇਹ ਕਿਸ ਚੀਜ਼ ਤੇ ਖਰਚਣੇ ਹਨ ? ਭਾਵ ਜਿਆਦਾ ਗੋਰੇ ਅਗਲੀ ਤਨਖਾਹ ਆਉਣ ਤੱਕ ਵਿਹਲੇ ਹੋ ਜਾਂਦੇ ਹਨ।

ਅੱਜ ਦੇਖਦੇ ਹਾਂ ਕਿ ਅਸੀਂ ਪੀੜ੍ਹੀਆਂ ਤੋਂ ਬੱਚਤ ਕਰਦੇ ਆਏ ਹਾਂ ਤੇ ਉਸ ਤੋਂ ਬਾਦ ਉਹ ਬੱਚਤ ਪੀੜ੍ਹੀ ਦਰ ਪੀੜ੍ਹੀ ਆਪਣੇ ਨਿਆਣਿਆਂ, ਪੋਤੇ, ਪੋਤੀਆਂ ਨੂੰ ਦਿੰਦੇ ਆਏ ਹਾਂ ਪਰ ਫਿਰ ਵੀ ਅਸੀਂ ਅਮੀਰ ਕਿਉਂ ਨਹੀਂ ਹੋਏ ? ਸੜਕਾਂ ਤੇ ਗੋਰੇ ਸਾਡੇ ਨਾਲੋਂ ਵੱਧ ਖੁਸ਼ ਘੁੰਮਦੇ

ਹਨ।

ਜਦੋਂ ਕੋਈ ਕਾਮਾਂ ਐਮਪਲੋਈ (employee) ਦੇ ਤੌਰ ਤੇ ਕੰਮ ਕਰਦਾ ਹੈ ਤਾਂ ਯੂਰਪੀਅਨ ਮੁਲਕਾਂ ਵਿੱਚ ਪਹਿਲਾਂ ਤਨਖਾਹ ਵਿਚੋਂ ਟੈਕਸ ਕੱਟਿਆ ਜਾਂਦਾ ਹੈ। ਬਚੇ ਹੋਏ ਪੈਸਿਆਂ ਨੂੰ ਜਦੋਂ ਕਾਮਾਂ ਕਿਸੇ ਵੀ ਥਾਂ ਤੇ ਖਰਚਦਾ ਹੈ ਤਾਂ ਉਸ ਉੱਪਰ ਜੀ. ਐਸ. ਟੀ. ਦੇਣੀ ਪੈਂਦੀ ਹੈ। ਇਸ ਤਰ੍ਹਾਂ ਕਾਮਾਂ ਸਾਰੇ ਥਾਈਂ ਪੈਸੇ ਖਰਚ ਕੇ ਤੇ ਟੈਕਸ ਦੇ ਕੇ ਜੇ ਕੁੱਝ ਬਚਾ ਲਵੇ ਤਾਂ ਉਹ ਆਪਣੀ ਬੈਂਕ ਵਿੱਚ ਖੋਲ੍ਹੇ ਬੱਚਤ ਖਾਤੇ ਵਿੱਚ ਜਮ੍ਹਾਂ ਕਰਾ ਦਿੰਦਾ ਹੈ। ਜਿਹੜਾ ਉਸ ਪੈਸੇ ਤੇ ਵਿਆਜ ਮਿਲਦਾ ਹੈ ਉਹ ਬਹੁਤ ਥੋੜ੍ਹਾ ਹੁੰਦਾ ਹੈ। ਉਸ ਵਿਆਜ ਵਿਚੋਂ ਬੈਂਕ ਦੀ ਫੀਸ ਕੱਟੀ ਜਾਂਦੀ ਹੈ। ਬਚੇ ਵਿਆਜ ਦੇ ਪੈਸਿਆਂ ਤੇ ਫਿਰ ਟੈਕਸ ਪੈਂਦਾ ਹੈ। ਏਨੇ ਥਾਈਂ ਟੈਕਸ ਕਟਾ ਕੇ ਤੁਸੀਂ ਦੇਖ ਲਵੋ ਕਿ ਕਿੰਨੇ ਕੁ ਪੈਸੇ ਬਚ ਸਕਦੇ ਹਨ ?

ਇਸ ਦੇ ਨਾਲ ਇੱਕ ਹੋਰ ਪੱਖ ਕਿ ਜੇ ਤੁਸੀਂ 10 ਲੱਖ ਡਾਲਰ ਬੈਂਕ ਦੇ ਬੱਚਤ ਖਾਤਾ ਵਿੱਚ ਜਮ੍ਹਾਂ ਕਰਾ ਦਿੰਦੇ ਹੋ ਤੇ ਉਸ ਦਾ ਵਿਆਜ ਖਾਂਦੇ ਰਹਿੰਦੇ ਹੋ ਤਾਂ ਤਕਰੀਬਨ ਸੌ ਸਾਲ ਬਾਦ ਉਸ ਦਸ ਲੱਖ ਦੀ ਕੀਮਤ ਤਕਰੀਬਨ 50 ਹਜ਼ਾਰ ਡਾਲਰ ਰਹਿ ਜਾਂਦੀ ਹੈ। ਮਤਲਬ ਪੈਸੇ ਦੀ ਕੀਮਤ ਸੌ ਸਾਲ ਵਿੱਚ ਸਾਢੇ ਨੌਂ ਲੱਖ ਡਾਲਰ ਘਟ ਗਈ। ਇਸ ਦੇ ਬਾਵਯੂਦ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬੱਚਤ ਦੀ ਸਲਾਹ ਦਿੰਦੇ ਹਾਂ। ਮਤਲਬ ਅਸੀਂ ਇਤਿਹਾਸ ਤੋਂ ਕੁੱਝ ਸਿੱਖਦੇ ਨਹੀਂ।

ਦੂਜੇ ਪਾਸੇ ਤੁਹਾਡੇ ਵਲੋਂ ਬੈਂਕ ਵਿੱਚ ਜਮ੍ਹਾਂ ਕਰਾਏ ਪੈਸਿਆਂ ਦਾ ਦਸ ਗੁਣਾਂ ਵੱਧ ਬੈਂਕ ਸਰਮਾਏਦਾਰਾਂ ਜਾਂ ਬਿਜ਼ਨਸਮੈਨਾਂ ਨੂੰ ਕਰਜ਼ਾ ਦੇ ਦਿੰਦੀ ਹੈ। ਉਹ ਸਰਮਾਏਦਾਰ ਜਾਂ ਬਿਜਨਸਮੈਨ ਉਸ ਕਰਜ਼ੇ ਨਾਲ ਨਵਾਂ ਕਾਰੋਬਾਰ ਖੋਲ੍ਹ ਕੇ ਤੁਹਾਡੀ ਅਗਲੀ ਪੀੜ੍ਹੀ ਨੂੰ ਨੌਕਰੀਆਂ ਦੇ ਕੇ ਸਦਾ ਲਈ ਗੁਲਾਮ ਬਣਾ ਲੈਂਦੇ ਹਨ।

ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਅਸੀਂ ਸਿਸਟਮ ਨੂੰ ਸਮਝਣ ਦੀ ਬਜਾਏ ਕਹਿੰਦੇ ਹਾਂ ਕਿ ਸਾਡੀ ਕਿਸਮਤ ਹੀ ਮਾੜੀ ਹੈ ਜਾਂ ਰੱਬ ਨੇ ਸਾਡੀ ਕਿਸਮਤ ਵਿੱਚ ਹੀ ਇਹ ਲਿਖਿਆ ਹੋਇਆ ਹੈ ਜਾਂ ਇਹ ਸਾਡੇ ਪਿਛਲੇ ਕਰਮਾਂ ਦਾ ਫ਼ਲ ਹੈ ਜਾਂ ਜੋ ਰੱਬ ਨੇ ਲਿਖਿਆ ਉਹ ਮਿਲ ਹੀ ਜਾਣਾ ਹੈ। ਜਦੋਂ ਅਸੀਂ ਧਾਰਮਿਕ ਅਸਥਾਨਾਂ ਤੇ ਜਾਂਦੇ ਹਾਂ ਤਾਂ ਉਥੇ ਵੀ ਸਾਨੂੰ ਕਿਹਾ ਜਾਂਦਾ ਹੈ ਕਿ ਰੱਬ ਗਰੀਬੀ ਦਾਵੇ ਮਿਲਦਾ ਹੈ ਜਾਂ ਇਹ ਸਾਡੇ ਪਿਛਲੇ ਜਨਮਾਂ ਦਾ ਫ਼ਲ ਹੈ।


ਅਸੀਂ ਹੱਥ ਜੋੜ ਕੇ ਸੁਣ ਕੇ ਆ ਜਾਂਦੇ ਹਾਂ ਤੇ ਇਹ ਵੀ ਨਹੀਂ ਸੋਚਦੇ ਕਿ ਜੇ ਰੱਬ ਗਰੀਬੀ ਦਾਵੇ ਮਿਲਦਾ ਹੈ ਤਾਂ 70 ਪ੍ਰਤੀਸ਼ਤ ਭਾਰਤ ਦੀ ਅਬਾਦੀ ਨੂੰ ਤਾਂ ਹੁਣ ਤੱਕ ਮਿਲ ਜਾਣਾ

ਚਾਹੀਦਾ ਸੀ ਕਿਉਂਕਿ ਉਹ ਗਰੀਬੀ ਵਿੱਚ ਹੀ ਰਹਿੰਦੇ ਹਨ।

ਜੇ ਕਿਤੇ ਕੋਈ ਸਾਨੂੰ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਇਹ ਰੱਬ ਵਲੋਂ ਨਹੀਂ ਲਿਖਿਆ ਹੋਇਆ। ਇਹ ਸਭ ਮਾੜੇ ਸਰਕਾਰੀ ਪ੍ਰਬੰਧ ਦੀ ਨਿਸ਼ਾਨੀ ਹੈ ਤਾਂ ਸਾਡੀਆਂ ਭਾਵਨਾਵਾਂ ਭੜਕ ਜਾਂਦੀਆਂ ਹਨ ਕਿ ਇਹ ਤਾਂ ਰੱਬ ਨੂੰ ਨਹੀਂ ਮੰਨਦਾ।

ਇਹ ਸਭ ਵਾਸਤੇ ਸੋਚਣ ਦਾ ਵਿਸ਼ਾ ਹੈ ਕਿ ਇਹ ਰੱਬ ਵਲੋਂ ਇਸ ਤਰਾਂ ਲਿਖਿਆ ਹੋਇਆ ਹੈ ਜਾਂ ਮਾੜੇ ਸਰਕਾਰੀ ਪ੍ਰਬੰਧ ਦੀ ਨਿਸ਼ਾਨੀ ਹੈ ਜਾਂ ਸਾਡੇ ਬੰਦ ਦਿਮਾਗ ਦੀ ਨਿਸ਼ਾਨੀ ? ਫੈਸਲਾ ਸਭ ਨੇ ਆਪ ਕਰਨਾ ਹੈ ਅਤੇ ਇਹ ਵੀ ਜ਼ਰੂਰੀ ਨਹੀਂ ਕਿ ਫੈਸਲਾ ਇਕੋ ਜਿਹਾ ਹੋਵੇ।

❖❖❖❖❖



# 6

## ਮੱਧ ਵਰਗ (Medium Class)

ਲੜੀ ਜੋੜਨ ਵਾਸਤੇ ਮੇਰਾ ਪਿਛਲਾ ਆਰਟੀਕਲ 'ਪੈਸੇ ਦੀ ਬੱਚਤ ਗਰੀਬੀ ਵੱਲ ਤੋਰਦੀ ਹੈ' ਪੜ੍ਹ ਸਕਦੇ ਹੋ।

ਪੈਸੇ ਪੱਖੋਂ ਆਪਣਾ ਸਮਾਜ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਹੈ।

- ਗਰੀਬ ਵਰਗ (ਜੋ ਦਿਹਾੜੀਦਾਰ/ਮਜ਼ਦੂਰ ਹੈ ਤੇ ਉਸ ਦਾ ਖਰਚਾ ਆਮਦਨ ਜਿੰਨਾ ਜਾਂ ਆਮਦਨ ਤੋਂ ਵੀ ਵੱਧ ਜਾਂਦਾ ਹੈ)
- ਮੱਧ ਵਰਗ (ਇਸ ਵਰਗ ਕੋਲ ਖਰਚ ਤੋਂ ਇਲਾਵਾ ਕੁੱਝ ਪੈਸਾ ਬਚਦਾ ਹੈ ਜੋ ਉਹ ਬੈਂਕ ਵਿੱਚ ਜਮਾਂ ਕਰਵਾਉਂਦਾ ਰਹਿੰਦਾ ਹੈ)
- ਅਮੀਰ ਵਰਗ (ਇਸ ਵਰਗ ਦੀ ਆਮਦਨ ਬਹੁਤ ਜਿਆਦਾ ਹੁੰਦੀ ਹੈ ਪਰ ਫਿਰ ਵੀ ਇਹ ਵਰਗ ਬੈਂਕਾਂ ਤੋਂ ਹੋਰ ਕਰਜ਼ਾ ਲੈਂਦਾ ਰਹਿੰਦਾ ਹੈ ਜਿਸ ਕਰਕੇ ਇਸ ਨੂੰ ਟੈਕਸ ਬਹੁਤ ਘੱਟ ਪੈਂਦਾ ਹੈ ਜਾਂ ਮਾਫ਼ ਹੋ ਜਾਂਦਾ ਹੈ)

ਪਿੱਛਲੇ ਆਰਟੀਕਲ ਵਿੱਚ ਮੱਧ ਵਰਗ ਵਾਰੇ ਜਾਣਕਾਰੀ ਦਿੱਤੀ ਸੀ ਤੇ ਆਪ ਦੇ ਸੁਝਾ ਮੁਤਾਬਕ ਇਸ ਆਰਟੀਕਲ ਵਿੱਚ ਵੀ ਮੱਧ ਵਰਗ ਵਾਰੇ ਹੋਰ ਵਿਸਥਾਰ ਨਾਲ ਜਾਣਕਾਰੀ ਦੇ ਰਿਹਾ ਹਾਂ।

ਪਿਛਲੇ ਆਰਟੀਕਲ ਵਿੱਚ ਦੱਸਿਆ ਗਿਆ ਸੀ ਕਿ ਕਿਸ ਤਰਾਂ ਇਹ ਵਰਗ ਜਦੋਂ ਇਮਪਲੋਈ (Employee) ਦੇ ਤੌਰ ਤੇ ਸਖਤ ਮਿਹਨਤ ਕਰਦਾ ਹੈ ਤਾਂ ਇਸ ਦੀ ਆਮਦਨ ਦਾ ਬਹੁਤਾ ਹਿੱਸਾ ਟੈਕਸ ਵਿੱਚ ਕੱਟਿਆ ਜਾਂਦਾ ਹੈ। ਜੋ ਪੈਸਾ ਇਹ ਬੈਂਕ ਵਿੱਚ ਬਚਾ ਕੇ ਰੱਖਦਾ ਹੈ ਉਸ ਪੈਸੇ ਦੀ ਕੀਮਤ ਘਟਦੀ ਰਹਿੰਦੀ ਹੈ। ਇਸ ਵਰਗ ਦੇ ਵਿੱਚ ਸੁਪਰਵਾਈਜ਼ਰ, ਮੈਨੇਜਰ, ਇੰਜੀਨਿਅਰ, ਅਕਾਊਂਟੈਂਟ, ਡਾਕਟਰ ਤੇ ਸਰਕਾਰੀ ਨੌਕਰੀਆਂ ਵਾਲੇ ਹੋਰ ਬਹੁਤ ਸਾਰੇ

ਲੋਕ ਸ਼ਾਮਿਲ ਹੁੰਦੇ ਹਨ ਜੋ ਇਮਪਲੋਈ (Employee) ਦੇ ਤੌਰ ਤੇ ਕੰਮ ਕਰਦੇ ਹਨ। ਸਭ ਤੋਂ ਵੱਧ ਟੈਕਸ ਇਸੇ ਵਰਗ ਨੂੰ ਦੇਣਾ ਪੈਂਦਾ ਹੈ।

ਇਸ ਵਰਗ ਨੂੰ ਹੋਰ ਜਿਆਦਾ ਸੰਘਰਸ਼ ਆਪਣੀਆਂ ਆਦਤਾਂ ਕਰਕੇ ਕਰਨਾ ਪੈਂਦਾ ਹੈ। ਇਹ ਗਰੀਬੀ ਵਿਚੋਂ ਉਠੇ ਹੁੰਦੇ ਹਨ ਤੇ ਇਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਵਧੀਆ ਵਧੀਆ ਚੀਜ਼ਾਂ ਖਰੀਦ ਕੇ ਗਰੀਬਾਂ ਨੂੰ ਦੱਸਿਆ ਜਾਵੇ ਕਿ ਅਸੀਂ ਹੁਣ ਬਹੁਤ ਤਰੱਕੀ ਕਰ ਗਏ ਹਾਂ। ਇਹ ਅਮੀਰ ਹੋਏ ਵੀ ਨਹੀਂ ਹੁੰਦੇ ਇਸ ਕਰਕੇ ਇਨ੍ਹਾਂ ਨੂੰ ਵੱਧ ਖਰਚੇ ਵਾਲੇ ਕੰਮ ਕਰਕੇ ਸਾਬਤ ਕਰਨਾ ਪੈਂਦਾ ਹੈ ਕਿ ਅਸੀਂ ਅਮੀਰ ਹਾਂ। ਆਪਣੇ ਆਪ ਨੂੰ ਅਮੀਰ ਸਾਬਤ ਕਰਨ ਲਈ ਇਹ ਮਹਿੰਗੀਆਂ ਕੋਠੀਆਂ ਪਾਉਂਦੇ ਹਨ, ਵਧੀਆ ਕਾਰਾਂ ਲੈ ਲੈਂਦੇ ਹਨ, ਘਰ ਵਿੱਚ ਨੌਕਰਾਣੀਆਂ ਰੱਖਦੇ ਹਨ, ਬੱਚਿਆਂ ਨੂੰ ਮਹਿੰਗੇ ਸਕੂਲਾਂ ਵਿੱਚ ਪੜ੍ਹਾਉਂਦੇ ਹਨ, ਸਕੂਲਾਂ ਵਿੱਚ ਨਿਆਣਿਆਂ ਨੂੰ ਛੱਡਣ ਜਾਣ ਲਈ ਗੱਡੀਆਂ ਤੇ ਡ੍ਰਾਈਵਰ ਰੱਖਦੇ ਹਨ, ਘਰ ਵਿੱਚ ਉਗਾਏ ਬੂਟਿਆਂ ਦੀ ਦੇਖ ਭਾਲ ਕਰਨ ਲਈ ਮਾਲੀ ਰੱਖਦੇ ਹਨ, ਘਰ ਵਿੱਚ ਮਹਿੰਗਾ ਫਰਨੀਚਰ ਲੈਂਦੇ ਹਨ, ਕਦੇ ਕਦੇ ਵਿਦੇਸ਼ਾਂ ਦਾ ਦੌਰਾ ਕਰਦੇ ਹਨ, ਪਾਰਟੀਆਂ ਕਰਦੇ ਹਨ, ਬੱਚਿਆਂ ਦੇ ਜਨਮ ਦਿਨ ਮਨਾਉਂਦੇ ਹਨ, ਇਨ੍ਹਾਂ ਦੇ ਕੱਪੜੇ ਬਾਹਰੋਂ ਧੋ ਕੇ ਤੇ ਪ੍ਰੈਸ ਕਰਕੇ ਆਉਂਦੇ ਹਨ। ਇਨ੍ਹਾਂ ਵਿਚੋਂ ਬਹੁਤੇ ਆਪਣੇ ਗਰੀਬ ਦੋਸਤਾਂ ਨੂੰ ਛੱਡ ਕੇ ਆਪਣੇ ਤੋਂ ਅਮੀਰ ਦੋਸਤ ਬਣਾਉਣਾ ਸ਼ੁਰੂ ਕਰ ਦਿੰਦੇ ਹਨ। ਇਹ ਆਮ ਤੌਰ ਤੇ ਪਤੀ ਤੇ ਪਤਨੀ ਦੋਨੋਂ ਹੀ ਉਚਿਆਂ ਅਹੁਦਿਆਂ ਤੇ ਕੰਮ ਕਰਦੇ ਹਨ। ਲੋੜ ਪੈਣ ਤੇ ਇਹ ਆਪਣੇ ਬਜ਼ੁਰਗਾਂ ਦੀਆਂ ਜਾਇਦਾਦਾਂ ਵੀ ਵੇਚ ਦਿੰਦੇ ਹਨ।

ਫਿਰ ਵੀ ਜਦੋਂ ਇਨ੍ਹਾਂ ਦਾ ਖਰਚਾ ਆਮਦਨ ਦੇ ਨਾਲ ਪੂਰਾ ਨਹੀਂ ਹੁੰਦਾ ਤਾਂ ਇਹ ਆਪਣੀਆਂ ਇਨ੍ਹਾਂ ਜਰੂਰਤਾਂ ਨੂੰ ਪੂਰਾ ਕਰਨ ਲਈ ਕਰਜ਼ਾ ਚੁੱਕਣਾਂ ਸ਼ੁਰੂ ਕਰ ਦਿੰਦੇ ਹਨ। ਉਹ ਕਰਜ਼ਾ ਵੀ ਉਪਰੋਕਤ ਚੀਜ਼ਾਂ ਨੂੰ ਖਰੀਦਣ ਲਈ ਵਰਤਿਆ ਜਾਂਦਾ ਹੈ ਜਿਸ ਦਾ ਵਿਆਜ਼ 14% ਦੇ ਲਾਗੇ ਹੁੰਦਾ ਹੈ। ਇਸ ਵਿਆਜ਼ ਦੇ ਹਿਸਾਬ ਨਾਲ ਉਨ੍ਹਾਂ ਦਾ ਲਿਆ ਹੋਇਆ ਕਰਜ਼ਾ ਪੰਜ ਕੁ ਸਾਲ ਵਿੱਚ ਦੁਗਣਾਂ ਹੋ ਜਾਂਦਾ ਹੈ। ਪੰਜਾਂ ਸਾਲਾਂ ਬਾਦ ਉੱਪਰ ਦਿਤੀਆਂ ਹੋਈਆਂ ਚੀਜ਼ਾਂ ਕਾਰਾਂ ਸਮੇਤ ਪੁਰਾਣੀਆਂ ਹੋ ਜਾਂਦੀਆਂ ਹਨ ਅਤੇ ਘਰ ਦੀ ਵੀ ਮੁਰੰਮਤ ਕਰਵਾਉਣ ਦੀ ਲੋੜ ਪੈਂਦੀ ਹੈ। ਉਸ ਵਾਸਤੇ ਹੋਰ ਕਰਜ਼ਾ ਚੁੱਕਿਆ ਜਾਂਦਾ ਹੈ। ਫਿਰ ਨੌਬਤ ਇਥੇ ਤੱਕ ਆ ਜਾਂਦੀ ਹੈ ਕਿ ਇਹ ਕ੍ਰੈਡਿਟ ਕਾਰਡ ਵਰਤਣੇ ਸ਼ੁਰੂ ਕਰ ਦਿੰਦੇ ਹਨ ਜਿਨ੍ਹਾਂ ਦਾ ਵਿਆਜ਼ 19% ਹੁੰਦਾ ਹੈ। ਇਸ ਵਿਆਜ਼ ਦੇ ਹਿਸਾਬ ਨਾਲ ਚੁੱਕਿਆ ਹੋਇਆ ਕਰਜ਼ਾ ਚਾਰ ਸਾਲਾਂ ਵਿੱਚ ਦੁਗਣਾਂ ਹੋ ਜਾਂਦਾ ਹੈ। ਹੁਣ ਇਨ੍ਹਾਂ ਦੇ ਹਲਾਤ ਇਹ ਹੋ ਜਾਂਦੇ ਹਨ ਕਿ ਅਮੀਰਾਂ ਵਿੱਚ ਤਾਂ ਸ਼ਾਮਲ ਨਹੀਂ ਹੋ ਸਕਦੇ ਪਰ ਇਹ ਆਪਣੇ ਆਪ ਨੂੰ ਗਰੀਬਾਂ ਵਿੱਚ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਹਨ।

ਅੱਗੋਂ ਇਨ੍ਹਾਂ ਦੀ ਪੈਨਸ਼ਨ ਹੋਣ ਦੀ ਉਮਰ ਵੀ ਲਾਗੇ ਦਿਸਣ ਲੱਗ ਪੈਂਦੀ ਹੈ। ਇਸ ਦੌਰਾਨ

ਇਨ੍ਹਾਂ ਨੇ ਨਿਆਣਿਆਂ ਦੇ ਵਿਆਹਾਂ ਲਈ ਵੀ ਕਰਜ਼ਾ ਚੁੱਕਣਾ ਹੁੰਦਾ ਹੈ। ਉਨ੍ਹਾਂ ਦਾ ਇਹ ਹਾਲ ਉਨ੍ਹਾਂ ਦੀਆਂ ਆਪਣੀਆਂ ਆਦਤਾਂ ਕਰਕੇ ਹੁੰਦਾ ਹੈ ਜਾਂ ਬਣਾਏ ਹੋਏ ਸਰਕਾਰੀ ਪ੍ਰਬੰਧ ਨੂੰ ਨਾਂ ਸਮਝਣ ਕਰਕੇ ਹੁੰਦਾ ਹੈ।

ਇਸ ਕਰਕੇ ਇਨ੍ਹਾਂ ਨੂੰ ਆਪਣੀਆਂ ਆਦਤਾਂ ਬਦਲਣ ਤੇ ਟੈਕਸ ਸਿਸਟਮ ਦੇ ਨਾਲ ਨਾਲ ਸਰਕਾਰੀ ਪ੍ਰਬੰਧ ਨੂੰ ਸਮਝਣ ਦੀ ਲੋੜ ਹੈ ਨਹੀਂ ਤਾਂ ਸਮਝੋ ਕਿ ਇਹ ਵਰਗ ਸਾਰੀ ਉਮਰ ਕੰਮ ਗਰੀਬ ਹੋਣ ਲਈ ਕਰਦਾ ਹੈ ਅਮੀਰ ਬਣਨ ਲਈ ਨਹੀਂ।

ਨੋਟ :- ਉਪਰੋਕਤ ਵਿਅਕਤੀਆਂ ਵਿਚੋਂ ਬਹੁਤ ਘੱਟ ਗਿਣਤੀ ਅਮੀਰਾਂ ਵਿੱਚ ਸ਼ਾਮਿਲ ਹੁੰਦੀ ਹੈ।

❖❖❖❖❖



1992 ਵਿਚ ਕੀਵੀਫਰੂਟ ਦੇ ਬਾਗ ਵਿਚ ਦਿਹਾੜੀ ਕਰਦਾ ਅਵਤਾਰ ਤਰਕਸ਼ੀਲ



ਹੁਣ ਅਵਤਾਰ ਤਰਕਸ਼ੀਲ ਦਾ ਘਰ

# 7

## ਕੀ ਫਰਕ ਹੈ ਦਿਹਾੜੀਦਾਰ (Employee) ਤੇ ਕਾਰੋਬਾਰੀ (Businessman) ਵਿੱਚ ?

ਪੂਰੀ ਜਾਣਕਾਰੀ ਲਈ ਮੇਰੇ ਪਿਛਲੇ ਆਰਟੀਕਲ 'ਮੱਧ ਵਰਗ' ਅਤੇ 'ਪੈਸੇ ਦੀ ਬੱਚਤ ਗਰੀਬੀ ਵੱਲ ਤੋਰਦੀ ਹੈ ' ਪੜ੍ਹ ਸਕਦੇ ਹੋ।

ਉਪਰੋਕਤ ਆਰਟੀਕਲਾਂ ਵਿੱਚ ਦੱਸਿਆ ਗਿਆ ਸੀ ਕਿ ਕਿਸ ਤਰਾਂ ਮੱਧ ਵਰਗ ਨੂੰ ਬਹੁਤ ਟੈਕਸ ਦੇਣਾ ਪੈਂਦਾ ਹੈ ਅਤੇ ਉੱਚੇ ਅਹੁਦਿਆਂ ਤੇ ਹੋਣ ਦੇ ਬਾਵਜੂਦ ਉਹ ਅਮੀਰ ਨਹੀਂ ਹੋ ਸਕਦਾ ਜਾਂ ਬਿਲਕੁਲ ਘੱਟ ਗਿਣਤੀ ਵਿੱਚ ਹੋ ਸਕਦਾ ਹੈ। ਅੱਜ ਇਸ ਗੱਲ ਨੂੰ ਉਦਾਹਰਣ ਦੇ ਕੇ ਸਪਸ਼ਟ ਕੀਤਾ ਜਾਵੇਗਾ। ਭਾਵੇਂ ਕਿ ਉਦਾਹਰਣ ਨਿਊਜ਼ੀਲੈਂਡ ਦੀ ਦਿੱਤੀ ਜਾ ਰਹੀ ਹੈ ਪਰ ਫਿਰ ਵੀ ਥੋੜ੍ਹੇ ਬਹੁਤੇ ਫਰਕ ਨਾਲ ਯੂਰਪ ਦੇ ਦੂਜੇ ਮੁਲਕਾਂ ਵਿੱਚ ਵੀ ਕਨੂੰਨ ਏਦਾਂ ਦੇ ਹੀ ਹਨ।

ਇਹ ਉਦਾਹਰਣ ਦਿਹਾੜੀਦਾਰ ਤੇ ਕਾਰੋਬਾਰੀ ਵਿੱਚ ਬਹੁਤ ਵੱਡਾ ਫਰਕ ਦਿਖਾਵੇਗੀ ਜੋ ਪੜ੍ਹਨ ਵਾਲਿਆਂ ਨੇ ਪਹਿਲਾਂ ਬਹੁਤ ਘੱਟ ਦੇਖਿਆ ਜਾਂ ਸੁਣਿਆਂ ਹੋਵੇਗਾ। ਇਹ ਫਰਕ ਇਸ ਕਰਕੇ ਹੈ ਕਿ ਮੁਲਕਾਂ ਵਿੱਚ ਕਨੂੰਨ ਕਾਰੋਬਾਰੀਆਂ ਦੇ ਹੱਕ ਵਿੱਚ ਬਣਦੇ ਹਨ ਕਿਉਂਕਿ ਕਾਰੋਬਾਰੀ ਜੌਬਾਂ (ਕੰਮ) ਪੈਦਾ ਕਰਦੇ ਹਨ। ਭਾਵੇਂ ਕਿ ਸਖਤ ਮਿਹਨਤ ਦਿਹਾੜੀਦਾਰ ਕਰਦਾ ਹੈ। ਟੈਕਸ ਦਾ ਕਨੂੰਨ ਬਣਨ ਵੇਲੇ ਵੱਡੇ ਕਾਰੋਬਾਰੀਆਂ ਦੀ ਸਲਾਹ ਲਈ ਜਾਂਦੀ ਹੈ।

ਗੱਲ 2003 ਜਾਂ 2004 ਦੀ ਹੈ ਜਦੋਂ ਮੈਨੂੰ ਘਰ ਖਰੀਦਣ ਦਾ ਕੰਮ ਸ਼ੁਰੂ ਕੀਤੇ ਨੂੰ ਅਜੇ ਚਾਰ ਕੁ ਸਾਲ ਹੀ ਹੋਏ ਸਨ। ਮੇਰਾ ਘਰਾਂ ਤੋਂ ਆਏ ਕਿਰਾਏ ਦੀ ਆਮਦਨ ਨਾਲੋਂ ਘਰਾਂ ਦੀ ਮੁਰੰਮਤ ਦਾ ਖਰਚਾ ਵਧ ਜਾਂਦਾ ਸੀ। ਮੈਂ ਅਜੇ ਕਿਸੇ ਦੀ ਕੰਪਨੀ ਵਿੱਚ ਮੈਨੇਜਰ ਦੀ ਜੌਬ

ਕਰਦਾ ਸੀ। ਆਮਦਨ ਵੱਧ ਹੋਣ ਕਰਕੇ ਮੇਰਾ ਟੈਕਸ 39 ਪ੍ਰਤੀਸ਼ਤ ਸੀ। ਜੇਕਰ ਮੈਨੂੰ ਘਰਾਂ ਵਿੱਚ ਘਾਟਾ ਪੈਂਦਾ ਸੀ ਤਾਂ ਸਾਲ ਦੇ ਅਖੀਰ ਵਿੱਚ ਟੈਕਸ ਮਹਿਕਮੇ ਵਲੋਂ ਮੈਨੂੰ 39 ਪ੍ਰਤੀਸ਼ਤ ਪਏ ਹੋਏ ਘਾਟੇ ਕਰਕੇ ਟੈਕਸ ਵਿਚੋਂ ਵਾਪਿਸ ਆ ਜਾਂਦਾ ਸੀ।

ਜੋ ਦਿਹਾੜੀਦਾਰ ਹੁੰਦਾ ਸੀ ਉਸ ਦਾ ਟੈਕਸ ਤਨਖਾਹ ਮਿਲਣ ਵੇਲੇ ਪਹਿਲਾਂ ਹੀ ਕੱਟਿਆ ਜਾਂਦਾ ਸੀ। ਦਿਹਾੜੀਦਾਰ ਨੂੰ ਇਹ ਵੀ ਨਹੀਂ ਪੁੱਛਿਆ ਜਾਂਦਾ ਕਿ ਤੇਰੇ ਕੋਲ ਗੁਜਾਰੇ ਲਈ ਪੈਸੇ ਬਚੇ ਜਾਂ ਨਹੀਂ। ਇੱਕ ਦਿਨ ਮੈਨੂੰ ਪੌੜੀ ਖਰੀਦਣ ਦੀ ਲੋੜ ਸੀ। ਮੈਂ ਇੱਕ ਵੱਡੇ ਸਟੋਰ ਵਿੱਚ ਪੌੜੀ ਖਰੀਦਣ ਗਿਆ। ਉਸ ਪੌੜੀ ਦੀ ਕੀਮਤ 250 ਡਾਲਰ ਸੀ। ਮੈਂ ਮੈਨੇਜਰ ਨੂੰ ਕਿਹਾ ਕਿ ਮੇਰਾ ਆਪਣਾ ਕਾਰੋਬਾਰ ਹੈ ਤੇ ਸਾਨੂੰ ਸਾਰੀਆਂ ਕੰਪਨੀਆਂ 25 ਤੋਂ 30 ਪ੍ਰਤੀਸ਼ਤ ਰਿਆਇਤ ਦਿੰਦੀਆਂ ਹਨ ਕਿਉਂਕਿ ਅਸੀਂ ਵੱਡੀ ਗਿਣਤੀ ਵਿੱਚ ਸਮਾਨ ਖਰੀਦਦੇ ਹਾਂ। ਤੂੰ ਮੈਨੂੰ ਕਿੰਨੀ ਰਿਆਇਤ ਕਰੇਂਗਾ? ਉਹ ਕਹਿੰਦਾ 20 ਪ੍ਰਤੀਸ਼ਤ ਰਿਆਇਤ ਕਰ ਸਕਦਾ ਹਾਂ। ਉਸ ਨੇ 250 ਡਾਲਰ ਦੀ ਪੌੜੀ ਵਿਚੋਂ 20 ਪ੍ਰਤੀਸ਼ਤ ਰਿਆਇਤ ਕਰ ਦਿੱਤੀ। ਭਾਵ ਰਿਆਇਤ ਤੋਂ ਬਾਦ ਪੌੜੀ ਮੈਨੂੰ 200 ਡਾਲਰ ਦੀ ਪਈ। ਹੁਣ ਕਿਉਂਕਿ ਮੇਰਾ ਘਰਾਂ ਦਾ ਕਾਰੋਬਾਰ ਉਸ ਵੇਲੇ ਥੋੜ੍ਹਾ ਘਾਟੇ ਵਿੱਚ ਚੱਲ ਰਿਹਾ ਸੀ ਇਸ ਕਰਕੇ ਇਹ 200 ਡਾਲਰ ਘਾਟਾ ਗਿਣਿਆ ਗਿਆ ਜਿਸ ਦੇ ਸਿੱਟੇ ਵਜੋਂ ਟੈਕਸ ਮਹਿਕਮੇ ਨੇ 200 ਡਾਲਰ ਦਾ 39 ਪ੍ਰਤੀਸ਼ਤ ਮੈਨੂੰ ਵਾਪਿਸ ਕਰ ਦਿੱਤਾ ਕਿਉਂਕਿ ਮੇਰੀ ਜੌਬ ਤੋਂ ਕੰਪਨੀ ਦੇ ਮਾਲਕ ਨੇ ਮੇਰਾ 39 ਪ੍ਰਤੀਸ਼ਤ ਟੈਕਸ ਕੱਟ ਕੇ ਟੈਕਸ ਮਹਿਕਮੇ ਨੂੰ ਤਾਰਿਆ ਸੀ। ਹੁਣ 200 ਡਾਲਰ ਵਿਚੋਂ 39 ਪ੍ਰਤੀਸ਼ਤ ਕੱਢ ਕੇ ਪੌੜੀ ਦੀ ਕੀਮਤ 122 ਡਾਲਰ ਦੀ ਰਹਿ ਗਈ।

ਹੁਣ ਜੇ ਉਸੇ ਵੇਲੇ ਕਿਸੇ ਐਮਪਲੋਈ (employee/ਕਾਮੇ) ਨੇ ਇਹ ਪੌੜੀ ਖਰੀਦਣੀ ਹੁੰਦੀ ਤਾਂ ਉਸ ਨੂੰ 250 ਡਾਲਰ ਵਿੱਚ ਪੈਣੀ ਸੀ। ਭਾਵੇਂ ਉਹ ਕਾਮਾਂ ਸਧਾਰਨ ਹੁੰਦਾ ਜਾਂ ਡਾਕਟਰ, ਇੰਜੀਨਿਅਰ, ਅਕਾਊਂਟੈਂਟ ਜਾਂ ਸਰਕਾਰੀ ਨੌਕਰੀ ਵਾਲਾ ਹੁੰਦਾ। ਹੁਣ ਐਮਪਲੋਈ (ਕਾਮੇ) ਨੂੰ ਉਸ ਪੌੜੀ ਨੂੰ ਖਰੀਦਣ ਲਈ 310 ਡਾਲਰ ਦਾ ਕੰਮ ਕਰਨਾ ਪੈਣਾ ਸੀ। ਉਸ ਵਿਚੋਂ ਟੈਕਸ ਕੱਟ ਕੇ 250 ਡਾਲਰ ਪੌੜੀ ਜੋਗੇ ਬਚਣੇਂ ਸੀ। ਜੇ ਇਸ ਉਦਾਹਰਣ ਨੂੰ ਚੰਗੀ ਤਰਾਂ ਦੇਖੀਏ ਤਾਂ ਆਮ ਕਾਮੇ ਨੂੰ ਪੌੜੀ 310 ਡਾਲਰ ਵਿੱਚ ਪਈ ਤੇ ਕਾਰੋਬਾਰੀ ਨੂੰ 122 ਡਾਲਰ ਦੀ ਬਿਨਾਂ ਕੋਈ ਹੇਰਾਫੇਰੀ ਕੀਤੇ।

ਤੁਸੀਂ ਹਿਸਾਬ ਲਾਓ ਕਿ ਕਿੰਨੀਆਂ ਚੀਜ਼ਾਂ ਆਪਾਂ ਖਰੀਦਦੇ ਹਾਂ ਤੇ ਕਿੰਨਾਂ ਵੱਡਾ ਫਰਕ ਕੀਮਤ ਵਿੱਚ ਪੈਂਦਾ ਹੋਵੇਗਾ ? ਇਸ ਕਰਕੇ ਦਿਹਾੜੀ ਕਰਨ ਵਾਲੇ ਨਾਲੋਂ ਕਾਰੋਬਾਰ ਕਰਨ ਵਾਲਾ ਅੱਗੇ ਚਲਾ ਜਾਂਦਾ ਹੈ ਭਾਵੇਂ ਦਿਹਾੜੀਦਾਰ ਜਿੰਨੀ ਮਰਜ਼ੀ ਤਨਖਾਹ ਲੈਂਦਾ ਹੋਵੇ।

ਵਧੀਆ ਗੱਲ ਹੈ ਕਿ ਦਿਹਾੜੀ ਕਰਨ ਨਾਲੋਂ ਕੋਈ ਕਾਰੋਬਾਰ ਸ਼ੁਰੂ ਕੀਤਾ ਜਾਵੇ ਭਾਵੇਂ ਛੋਟਾ ਹੋਵੇ ਫਿਰ ਹੀ ਬਚਾ ਹੋ ਸਕਦਾ ਹੈ।

ਨੋਟ :-ਟੈਕਸ ਸਿਸਟਮ ਵਿੱਚ ਕੁੱਝ ਕਨੂੰਨ ਪਹਿਲਾਂ ਨਾਲੋਂ ਹੁਣ ਬਦਲ ਗਏ ਹਨ।

❖❖❖❖❖



# 8

## ਭੁੱਖਮਰੀ ਤੇ ਵੱਧ ਖਾਣਾ ਦੋਨੋਂ ਇਨਸਾਨ ਨੂੰ ਮਾਰਦੇ ਹਨ – ਆਓ ਇੱਕ ਝਾਤ ਮਾਰੀਏ

ਭਾਰਤ ਵਿੱਚ 70 ਪ੍ਰਤੀਸ਼ਤ ਦੇ ਕਰੀਬ ਲੋਕ ਗਰੀਬ ਹਨ ਜਿਨ੍ਹਾਂ ਨੂੰ ਲੋੜ ਮੁਤਾਬਕ ਰੱਜਵਾਂ ਖਾਣਾ ਤੇ ਮੈਡੀਕਲ ਸਹੂਲਤਾਂ ਨਹੀਂ ਮਿਲਦੀਆਂ। ਇਹੀ ਲੋਕ ਹਨ ਜਿਨ੍ਹਾਂ ਨੂੰ ਲੋੜ ਤੋਂ ਵੱਧ ਕੰਮ ਕਰਨਾ ਪੈਂਦਾ ਹੈ ਅਤੇ ਇਹੀ ਲੋਕ ਮੁਲਕ ਨੂੰ ਚਲਾਉਣ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਭੱਠਿਆਂ, ਫੈਕਟਰੀਆਂ ਅਤੇ ਖੇਤੀ ਦਾ ਸਾਰਾ ਕੰਮ ਵੀ ਇਨ੍ਹਾਂ ਦੇ ਸਹਾਰੇ ਹੀ ਕੀਤਾ ਜਾਂਦਾ ਹੈ। ਕਹਿਣ ਦਾ ਭਾਵ ਕਿ ਇਹ ਵਰਗ ਆਪ ਥੋੜ੍ਹਾ ਖਾ ਕੇ ਵੀ ਦੂਜਿਆਂ ਨੂੰ ਰਜਾਉਣ ਵਿੱਚ ਕਸਰ ਨਹੀਂ ਛੱਡਦਾ। ਇਨ੍ਹਾਂ ਦੇ ਸਖਤ ਕੰਮ ਕਰਕੇ ਇਨ੍ਹਾਂ ਨੂੰ ਵੱਧ ਖਾਣ ਦੀ ਲੋੜ ਹੁੰਦੀ ਹੈ ਕਿਉਂਕਿ ਇਹ ਆਪਣੇ ਸਖਤ ਕੰਮ ਦੌਰਾਨ ਵੱਧ ਊਰਜਾ ਇਕਾਈਆਂ (Calories) ਵਰਤਦੇ /ਜਾਲਦੇ (burn) ਹਨ। ਦੂਜਾ ਇਹ ਕਿ ਇਨ੍ਹਾਂ ਨੂੰ ਵੱਧ ਕੈਲਰੀਆਂ ਵਾਲਾ ਖਾਣਾ ਖਾਣ ਨੂੰ ਨਹੀਂ ਮਿਲਦਾ ਕਿਉਂਕਿ ਮਹਿੰਗਾ ਹੁੰਦਾ ਹੈ ਜਿਸ ਤਰ੍ਹਾਂ ਪਨੀਰ ਅਤੇ ਮੀਟ ਆਦਿ। ਜਿਸ ਦੇ ਸਿੱਟੇ ਵਜੋਂ ਇਹ ਕਮਜ਼ੋਰ ਜਾਂ ਘੱਟ ਭਾਰ ਵਾਲੇ (under weight) ਰਹਿ ਜਾਂਦੇ ਹਨ ਤੇ ਕਈਆਂ ਨੂੰ ਭੁੱਖਮਰੀ ਸਬੰਧਤ ਬਿਮਾਰੀਆਂ ਘੇਰ ਲੈਂਦੀਆਂ ਹਨ।

ਦੂਜੇ ਪਾਸੇ ਉਹ ਵਰਗ ਹੈ ਜਿਸ ਨੂੰ ਸਰੀਰਕ ਕੰਮ ਘੱਟ ਕਰਨਾ ਪੈਂਦਾ ਹੈ। ਉਹ ਵਿਹਲੇ ਰਹਿੰਦੇ ਹਨ ਜਾਂ ਦਫਤਰਾਂ ਵਿੱਚ ਬੈਠ ਕੇ ਕੰਮ ਕਰਦੇ ਹਨ। ਪੈਸੇ ਵੱਧ ਕਮਾਉਂਦੇ ਹਨ। ਇਨ੍ਹਾਂ ਵਿਚੋਂ ਵੀ ਕਈਆਂ ਨੇ ਬਚਪਨ ਵਿੱਚ ਗਰੀਬੀ ਦੇਖੀ ਹੁੰਦੀ ਹੈ। ਹੁਣ ਵਧੀਆ ਨੌਕਰੀ ਜਾਂ ਕਾਰੋਬਾਰ ਚੱਲਣ ਕਰਕੇ ਇਹ ਅਮੀਰਾਂ ਜਾਂ ਮੱਧ ਸ਼੍ਰੇਣੀ ਵਿੱਚ ਆ ਜਾਂਦੇ ਹਨ ਜਿਸ ਕਰਕੇ ਇਨ੍ਹਾਂ ਨੂੰ ਵੱਧ ਖਾਣ ਨੂੰ ਮਿਲਦਾ ਹੈ। ਉਲਟਾ ਇਹਨਾਂ ਦੀਆਂ ਊਰਜਾ ਇਕਾਈਆਂ (Calories) ਘੱਟ ਜਲਦੀਆਂ (burn) ਹਨ। ਇਨ੍ਹਾਂ ਦਾ ਖਾਣਾ ਵੀ ਵੱਧ ਊਰਜਾ ਇਕਾਈਆਂ (Calories) ਵਾਲਾ ਹੁੰਦਾ ਹੈ ਜਿਸ ਤਰ੍ਹਾਂ ਮੀਟ, ਆਂਡਾ ਅਤੇ ਪਨੀਰ

ਆਦਿ। ਘਰਾਂ ਵਿੱਚ ਕੰਮ ਕਰਨ ਵਾਸਤੇ ਇਨ੍ਹਾਂ ਨੇ ਨੌਕਰਾਣੀਆਂ ਰੱਖੀਆਂ ਹੁੰਦੀਆਂ ਹਨ। ਫਿਰ ਇਹ ਤੁਰਨ ਜਾਂ ਸਾਇਕਲ ਤੇ ਜਾਣ ਦੀ ਬਜਾਏ ਕਾਰਾਂ ਵਿੱਚ ਇਧਰ ਉਧਰ ਜਾਂਦੇ ਹਨ ਜਿਸ ਕਰਕੇ ਇਨ੍ਹਾਂ ਦੀ ਕਸਰਤ (Exercise) ਵੀ ਘੱਟ ਹੁੰਦੀ ਹੈ। ਵੱਧ ਵਾਕਫੀ ਕਰਕੇ ਇਨ੍ਹਾਂ ਨੂੰ ਕੁੜਮਾਈਆਂ, ਵਿਆਹ, ਧਾਰਮਿਕ ਸਮਾਗਮ ਅਤੇ ਪਾਰਟੀਆਂ ਤੇ ਵੀ ਵੱਧ ਜਾਣਾ ਪੈਂਦਾ ਹੈ ਜਿਥੇ ਇਹ ਰੱਜ ਰੱਜ ਕੇ ਖਾਂਦੇ ਹਨ।

ਉਥੇ ਸ਼ਰਾਬ, ਬੀਅਰ ਤੇ ਵਾਈਨ ਆਦਿ ਦਾ ਪ੍ਰਯੋਗ ਵੀ ਵੱਡੀ ਗਿਣਤੀ ਵਿੱਚ ਹੁੰਦਾ ਹੈ। ਮਠਿਆਈਆਂ ਖਾਣ ਵਿੱਚ ਵੀ ਕਸਰ ਨਹੀਂ ਛੱਡਦੇ। ਘਰਾਂ ਵਿੱਚ ਦੇਸੀ ਘਿਓ ਦੀਆਂ ਪਿੰਨੀਆਂ ਬਣਾ ਕੇ ਵੀ ਖਾਂਦੇ ਹਨ। ਜਿਆਦਾ ਮਿਲਵਰਤਣ ਕਰਕੇ ਲੋਕ ਅਕਸਰ ਇਨ੍ਹਾਂ ਦੇ ਘਰਾਂ ਵਿੱਚ ਖਾਣ ਪੀਣ ਦਾ ਸਮਾਨ ਤੋਹਫੇ ਦੇ ਰੂਪ ਵਿੱਚ ਦੇ ਜਾਂਦੇ ਹਨ। ਇਸ ਵਜ੍ਹਾ ਕਰਕੇ ਪਹਿਲਾਂ ਇਨ੍ਹਾਂ ਦਾ ਭਾਰ ਵਧਣਾ ਸ਼ੁਰੂ ਹੁੰਦਾ ਹੈ, ਬਾਦ ਵਿੱਚ ਸ਼ੂਗਰ, ਹਾਈ ਕੋਲੈਸਟਰਲ, ਹਾਈ ਬਲੱਡ ਪ੍ਰੈਸ਼ਰ, ਹਾਰਟ ਅਟੈਕ ਅਤੇ ਗੁਰਦਿਆਂ ਸਬੰਧੀ ਬਿਮਾਰੀਆਂ ਹੋ ਜਾਂਦੀਆਂ ਹਨ। ਇਨ੍ਹਾਂ ਵਿਚੋਂ ਜਿਨ੍ਹਾਂ ਨੇ ਬਚਪਨ ਵਿੱਚ ਗਰੀਬੀ ਦੇਖੀ ਹੁੰਦੀ ਹੈ ਤੇ ਹੁਣ ਤਾਜੇ ਅਮੀਰ ਜਾਂ ਮੱਧ ਵਰਗੀ ਹੋਏ ਹੁੰਦੇ ਹਨ। ਉਨ੍ਹਾਂ ਨੂੰ ਜੇਕਰ ਕਿਹਾ ਜਾਵੇ ਕਿ ਲੋੜ ਮੁਤਾਬਕ ਖਾਣਾ ਚਾਹੀਦਾ ਹੈ ਤਾਂ ਉਹ ਕਹਿੰਦੇ ਹਨ ਕਿ ਸਾਨੂੰ ਬਚਪਨ ਵਿੱਚ ਵਧੀਆ ਖਾਣ ਨੂੰ ਨਹੀਂ ਮਿਲਿਆ। ਹੁਣ ਜੇਕਰ ਕਿਸੇ ਖੇਤ ਵਿੱਚ ਦਸ ਸਾਲ ਫਸਲ ਘੱਟ ਹੋਈ ਹੋਵੇ ਤਾਂ ਗਿਆਰਵੇਂ ਸਾਲ ਜੇਕਰ ਖਾਦ ਤੁਸੀਂ ਇਕੱਠੀ ਦਸ ਸਾਲ ਜਿੰਨੀ ਪਾ ਦਿਓ ਤਾਂ ਉਸ ਖੇਤ ਵਿਚੋਂ ਦਸ ਸਾਲ ਜਿੰਨੀਂ ਫਸਲ ਇਕੱਠੀ ਨਹੀਂ ਕੱਢ ਸਕਦੇ। ਸਮੇਂ ਸਿਰ ਪਰਹੇਜ਼ ਕਰਕੇ ਉਪਰੋਕਤ ਬਿਮਾਰੀਆਂ ਨੂੰ ਪਿਛਾਂਹ (reverse) ਵੀ ਮੋੜਿਆ ਜਾ ਸਕਦਾ ਹੈ ਪਰ ਇਸ ਪ੍ਰਤੀ ਬਹੁਤ ਘੱਟ ਲੋਕ ਕੋਸ਼ਿਸ਼ ਕਰਦੇ ਹਨ।

ਨੋਟ :- ਵਿਗਿਆਨਕ ਨਜਰੀਏ ਨਾਲ ਦੇਖਿਆ ਜਾਵੇ ਤਾਂ ਵੱਡੀ ਗਿਣਤੀ ਵਿੱਚ ਬਿਮਾਰੀਆਂ ਵੱਧ ਖਾਣ ਅਤੇ ਕਸਰਤ ਦੀ ਘਾਟ ਕਰਕੇ ਹੁੰਦੀਆਂ ਹਨ। ਇਸ ਕਰਕੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਲੋੜ ਮੁਤਾਬਕ ਹੀ ਖਾਇਆ ਜਾਵੇ ਤੇ ਲੋੜ ਮੁਤਾਬਕ ਕਸਰਤ ਵੀ ਕੀਤੀ ਜਾਵੇ ਤਾਂ ਕਿ ਬਿਮਾਰੀਆਂ ਤੋਂ ਬਚਿਆ ਜਾ ਸਕੇ।

❖❖❖❖❖



# 9

## ਗਲਤ ਜਾਣਕਾਰੀ (Misleading Information)

ਜਦੋਂ ਵੀ ਅਸੀਂ ਕਿਸੇ ਮੁਲਕ ਵਿੱਚ ਰਹਿਣ ਵਾਸਤੇ ਜਾਂਦੇ ਹਾਂ ਤਾਂ ਵਧੀਆ ਗੱਲ ਹੈ ਕਿ ਅਸੀਂ ਉਸ ਮੁਲਕ ਦੇ ਕੁੱਝ ਕਾਇਦੇ ਕਨੂੰਨ ਜਾਣ ਲਈਏ। ਖਾਸ ਤੌਰ ਤੇ ਜਦੋਂ ਅਸੀਂ ਭਾਰਤ ਤੋਂ ਦੂਜੇ ਮੁਲਕਾਂ ਨੂੰ ਜਾਈਏ ਤਾਂ ਇਸ ਦੀ ਅਹਿਮੀਅਤ ਹੋਰ ਵਧ ਜਾਂਦੀ ਹੈ ਕਿਉਂਕਿ ਭਾਰਤ ਵਿੱਚ ਰਹਿੰਦਿਆਂ ਬਹੁਤ ਸਾਰੇ ਲੋਕਾਂ ਨੇ ਵਿਦੇਸ਼ਾਂ ਬਾਰੇ ਜਾਣਿਆਂ ਨਹੀਂ ਹੁੰਦਾ। ਇਸ ਦੇ ਨਾਲ ਇੱਕ ਹੋਰ ਸਮੱਸਿਆ ਆਉਂਦੀ ਹੈ ਕਿ ਵੱਡੀ ਗਿਣਤੀ ਵਿੱਚ ਭਾਰਤੀ ਘੱਟ ਪੜ੍ਹੇ ਲਿਖੇ ਵੀ ਹੁੰਦੇ ਹਨ। ਇਸ ਕਰਕੇ ਉਹ ਵਿਦੇਸ਼ਾਂ ਬਾਰੇ ਜਾਣਕਾਰੀ ਹਾਸਲ ਨਹੀਂ ਕਰ ਸਕਦੇ। ਇਸ ਦੇ ਬਾਵਯੂਦ ਮੈਂ ਸੋਚਦਾ ਹਾਂ ਕਿ ਜੇਕਰ ਕੋਈ ਵਿਅਕਤੀ ਅਨਪੜ੍ਹ ਹੈ ਤਾਂ ਉਸ ਦੇ ਰਿਸ਼ਤੇਦਾਰਾਂ ਨੂੰ ਚਾਹੀਦਾ ਹੈ ਕਿ ਲੋੜ ਅਨੁਸਾਰ ਉਸ ਨੂੰ ਥੋੜ੍ਹੀ ਬਹੁਤ ਜਾਣਕਾਰੀ ਮੁਲਕ ਵਿੱਚ ਆਉਣ ਤੋਂ ਪਹਿਲਾਂ ਦੇ ਦਿੱਤੀ ਜਾਵੇ।

ਨਿਊਜ਼ੀਲੈਂਡ ਵਿੱਚ ਜੇਕਰ ਕੋਈ ਵਪਾਰਕ ਵਿਅਕਤੀ ਜਾਂ ਵਪਾਰਕ ਅਦਾਰਾ ਆਪਣੇ ਗਾਹਕ ਨੂੰ ਗਲਤ ਜਾਣਕਾਰੀ (misleading information) ਦੇਵੇ ਜਾਂ ਗਲਤ ਮਸ਼ਹੂਰੀ (advertisement) ਕਰੇ ਤਾਂ ਗਲਤ ਜਾਣਕਾਰੀ (misleading information) ਹੋਣ ਦੀ ਸੂਰਤ ਵਿੱਚ ਲੱਖਾਂ ਡਾਲਰ ਜੁਰਮਾਨਾ ਹੋ ਸਕਦਾ ਹੈ। ਇਸ ਤਰਾਂ ਪਹਿਲਾਂ ਕਈ ਵਾਰ ਹੋ ਚੁੱਕਾ ਹੈ। ਇਸ ਵਿੱਚ ਬਹੁਤ ਵੱਡੀਆਂ ਕੰਪਨੀਆਂ ਵੀ ਸ਼ਾਮਿਲ ਹਨ।

ਜੇਕਰ ਕਿਸੇ ਦੁਕਾਨ ਤੇ ਜਾਂਦੇ ਹੋ ਤਾਂ ਉਥੇ ਦੁਕਾਨ ਵਾਲਿਆਂ ਤੋਂ ਜੇਕਰ ਚੀਜ਼ ਦੀ ਕੀਮਤ 100 ਡਾਲਰ ਦੀ ਬਜਾਏ 10 ਡਾਲਰ ਗਲਤੀ ਨਾਲ ਲਿਖੀ ਗਈ ਹੈ ਤਾਂ ਉਹ ਚੀਜ਼ ਗਾਹਕ ਨੂੰ 10 ਡਾਲਰ ਵਿੱਚ ਹੀ ਵੇਚਣੀ ਪਵੇਗੀ। ਇਸ ਤਰਾਂ ਇੱਕ ਦੁਕਾਨ ਤੇ ਇੱਕ ਚੀਜ਼ 60 ਡਾਲਰ ਵਾਲੀ ਗਲਤੀ ਨਾਲ ਛੇ ਡਾਲਰ ਦੀ ਲੱਗੀ ਹੋਈ ਸੀ। ਮੈਂ ਚੀਜ਼ਾਂ ਸਸਤੀਆਂ ਦੇਖ ਕੇ

ਸਾਰੀਆਂ ਹੀ ਟਰਾਲੀ ਤੇ ਰੱਖ ਲਈਆਂ। ਜਦੋਂ ਚੁੱਕ ਕੇ ਚੈੱਕ ਆਊਟ (ਵਿਕਰੀ ਵਾਲੀ ਟਿਲ) ਤੇ ਲੈ ਕੇ ਗਿਆ ਤਾਂ ਉਹ ਸਟਾਫ ਮੈਂਬਰ ਕਹਿੰਦੀ ਕਿ ਇਸ ਦੀ ਕੀਮਤ 60 ਡਾਲਰ ਪ੍ਰਤੀ ਆਈਟਮ ਹੈ। ਮੈਂ ਉਸ ਨੂੰ ਆਈਟਮ ਤੇ ਲਿਖਿਆ ਭਾਅ ਦਿਖਾਇਆ ਤਾਂ ਮੈਨੂੰ ਉਸੇ ਭਾਅ ਹੀ ਚੀਜ਼ਾਂ ਮਿਲੀਆਂ ਭਾਵੇਂ ਕਿ ਕੰਪਨੀ ਨੂੰ ਘਾਟਾ ਪਿਆ।

ਜੇ ਗਲਤ ਜਾਣਕਾਰੀ (misleading information) ਧਰਮ ਦੇ ਨਾਮ ਤੇ ਜਾਂ ਰੱਬ ਦੇ ਨਾਮ ਤੇ ਦਿੱਤੀ ਗਈ ਹੋਵੇ ਤਾਂ ਉਸ ਪ੍ਰਤੀ ਕਦੇ ਕੋਈ ਜੁਰਮਾਨਾ ਨਹੀਂ ਹੁੰਦਾ। ਵੱਧ ਨੁਕਸਾਨ ਵੀ ਧਰਮ ਤੇ ਰੱਬ ਦੇ ਨਾਮ ਤੇ ਹੁੰਦਾ ਹੈ ਇਸ ਦਾ ਸਬੂਤ ਇਤਿਹਾਸ ਦੇਖ ਕੇ ਮਿਲ ਜਾਂਦਾ ਹੈ। ਵੱਖ ਵੱਖ ਧਰਮਾਂ ਦੇ ਪ੍ਰਚਾਰਕਾਂ ਵਲੋਂ ਕਿਹਾ ਜਾਂਦਾ ਹੈ ਕਿ ਰੱਬ ਗਰੀਬੀ ਦਾਵੇ ਮਿਲਦਾ ਹੈ, ਰੱਬ ਨੇ ਜਿੰਨੇ ਸਾਹ ਲਿਖੇ ਹਨ ਓਨੇ ਹੀ ਭੋਗਣੇ ਹਨ ਜਾਂ ਜਿੰਨੀਂ ਉਮਰ ਉੱਪਰ ਵਾਲੇ ਨੇ ਲਿਖੀ ਹੈ ਓਨੀ ਹੀ ਭੋਗਣੀ ਹੈ ਜਾਂ ਸਵਰਗ ਦੇ ਲਾਰੇ ਆਦਿ।

ਕਰੋਨਾ ਵਾਇਰਸ ਕਰਕੇ ਬਹੁਤ ਮੁਲਕਾਂ ਵਿੱਚ ਲੌਕ ਡੌਨ ਜਾਂ ਕਰਫਿਊ ਲੱਗਾ ਸੀ ਜਿਸ ਕਰਕੇ ਜਿਨ੍ਹਾਂ ਨੇ ਸੜ੍ਹਕ ਹਾਦਸਿਆਂ ਵਿੱਚ ਮਰਨਾ ਸੀ ਉਨ੍ਹਾਂ ਦੀ ਮੌਤ ਨਹੀਂ ਹੋਈ ਭਾਵ ਉਨ੍ਹਾਂ ਦੇ ਲਿਖੇ ਹੋਏ ਸਾਹ ਕਿੱਦਾਂ ਵਧੇ ?

ਜਿਨ੍ਹਾਂ ਲੋਕਾਂ ਨੇ ਧਾਰਮਿਕ ਅਸਥਾਨਾਂ ਤੇ ਜਾਂਦਿਆ ਟਰੱਕਾਂ ਤੇ ਟਰਾਲੀਆਂ ਦੇ ਪਲਟਣ ਨਾਲ ਮਰਨਾ ਸੀ ਉਹ ਵੀ ਨਹੀਂ ਮਰੇ। ਆਤਮ ਹੱਤਿਆ ਕਰਨ ਵਾਲਿਆਂ ਦੀਆਂ ਮੌਤਾਂ ਵੀ ਘਟੀਆਂ। ਜਿਨ੍ਹਾਂ ਸਕੂਲਾਂ ਦੀਆਂ ਛੱਤਾਂ ਡਿਗ ਕੇ ਨਿਆਣੇ ਮਰਨੇ ਸੀ। ਸਕੂਲ ਬੰਦ ਹੋਣ ਕਰਕੇ ਉਹ ਵੀ ਬਚ ਗਏ ਅਤੇ ਫੈਕਟਰੀਆਂ ਵਿੱਚ ਹਾਦਸਿਆਂ ਦੌਰਾਨ ਮਰਨ ਵਾਲਿਆਂ ਦੀਆਂ ਮੌਤਾਂ ਵੀ ਘਟੀਆਂ ਕਿਉਂਕਿ ਫੈਕਟਰੀਆਂ ਬੰਦ ਸਨ। ਕਿਸੇ ਸ਼ਮਸ਼ਾਨ ਘਾਟ ਨੂੰ ਪੁੱਛ ਲਵੋ ਕਿ ਲੌਕ ਡੌਨ ਤੋਂ ਪਹਿਲਾਂ ਮਹੀਨੇ ਵਿੱਚ ਕਿੰਨੀਆਂ ਲਾਸ਼ਾਂ ਆਉਂਦੀਆਂ ਸਨ ਤੇ ਲੌਕ ਡੌਨ ਦੌਰਾਨ ਕਿੰਨੀਆਂ ਆਈਆਂ ? ਇਹ ਅੰਕੜਾ 50 ਪ੍ਰਤੀਸ਼ਤ ਤੋਂ ਵੀ ਵੱਧ ਘਟਿਆ ਹੈ। ਜੇ ਸਾਹ ਰੱਬ ਵਲੋਂ ਲਿਖੇ ਗਏ ਸਨ ਤਾਂ ਇਹ ਕਿਸ ਤਰਾਂ ਵਧੇ ?

ਮੈਨੂੰ ਲਗਦਾ ਹੈ ਕਿ ਗਲਤ ਜਾਣਕਾਰੀ (misleading information) ਵਾਲੇ ਕਨੂੰਨ ਦੇ ਮਾਮਲੇ ਵਿੱਚ ਸਾਰੇ ਧਰਮ, ਦੇਵਤੇ, ਰੱਬ ਤੇ ਇਨ੍ਹਾਂ ਦੇ ਪ੍ਰਚਾਰਕ ਵੀ ਸ਼ਾਮਿਲ ਹੋਣੇ ਚਾਹੀਦੇ ਹਨ ਤਾਂ ਕਿ ਆਮ ਲੋਕ ਇਨ੍ਹਾਂ ਦੁਆਰਾ ਗਲਤ ਜਾਣਕਾਰੀ (misleading information) ਦੇ ਕੇ ਕੀਤੀ ਲੁੱਟ ਤੋਂ ਬਚ ਸਕਣ। ਵੈਸੇ ਵੀ ਕਨੂੰਨ ਸਭ ਵਾਸਤੇ ਇਕੋ ਜਿਹਾ ਹੋਣਾ ਚਾਹੀਦਾ ਹੈ।

ਨੋਟ :- ਜੇਕਰ ਧਰਮ ਪ੍ਰਤੀ ਕੋਈ ਗੱਲ ਕਰੋ ਤਾਂ ਇਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਭੜਕ ਜਾਂਦੀਆਂ ਹਨ ਪਰ ਉਪਰੋਕਤ ਗਲਤ ਜਾਣਕਾਰੀਆਂ ਦੇ ਕੇ ਇਹ ਭੋਲੇ ਭਾਲੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਨਹੀਂ ਕਰ ਰਹੇ ? ਸਜ਼ਾ ਇਸ ਦੀ ਵੀ ਬਰਾਬਰ ਹੀ ਚਾਹੀਦੀ ਹੈ।

❖❖❖❖❖



**# 10**

## ਮਾਨਸਿਕ ਰੋਗ
## ਜਦੋਂ ਵਹਿਮ ਕਰਕੇ ਬਲੱਡ ਪ੍ਰੈਸ਼ਰ ਵਧਿਆ ਤੇ ਵਹਿਮ ਦੂਰ ਕਰਨ ਨਾਲ ਠੀਕ ਹੋਇਆ
## *"ਸੱਚ ਤੇ ਅਧਾਰਤ"*

ਬਹੁਤ ਸਾਰੇ ਸਰੀਰਕ ਰੋਗ ਸਾਨੂੰ ਗਲਤ ਖਾਣੇ, ਗਲਤ ਜਾਣਕਾਰੀ, ਨਾ ਸਮਝੀ ਅਤੇ ਕੀਤੀ ਹੋਈ ਅਣਗਿਹਲੀ ਨਾਲ ਲਗਦੇ ਹਨ। ਜੋ ਸਰੀਰਕ ਰੋਗ ਲਗਦੇ ਹਨ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਮਰੀਜ਼ ਸੌਖਿਆਂ ਹੀ ਸਮਝ ਲੈਂਦੇ ਹਨ ਕਿਉਂਕਿ ਮਰੀਜ਼ ਨੂੰ ਉਨ੍ਹਾਂ ਦੇ ਲੱਛਣ ਦਿਖਾਈ ਦੇਣ ਲੱਗ ਪੈਂਦੇ ਹਨ। ਇਸ ਕਰਕੇ ਬਹੁਤੇ ਮਰੀਜ਼ ਆਪ ਹੀ ਆਪਣੇ ਇਲਾਜ ਵਾਸਤੇ ਡਾਕਟਰ ਦੇ ਚਲੇ ਜਾਂਦੇ ਹਨ ਜਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਕਹਿੰਦੇ ਹਨ ਕਿ ਮੈਨੂੰ ਡਾਕਟਰ ਦੇ ਲੈ ਜਾਓ।

ਮਾਨਸਿਕ ਰੋਗਾਂ ਵਿੱਚ ਇਸ ਤਰਾਂ ਘੱਟ ਹੁੰਦਾ ਹੈ। ਮਾਨਸਿਕ ਰੋਗ ਹੋਣ ਵੇਲੇ ਜਿਆਦਾਤਰ ਮਰੀਜ਼ ਨੂੰ ਰੋਗ ਬਾਰੇ ਘੱਟ ਪਤਾ ਲਗਦਾ ਹੈ ਪਰ ਦੂਜਿਆਂ ਨੂੰ ਪਤਾ ਲੱਗਣ ਲੱਗ ਪੈਂਦਾ ਹੈ। ਜੇ ਦੂਜੇ ਮਰੀਜ਼ ਨੂੰ ਕਹਿਣ ਕਿ ਤੈਨੂੰ ਇਹ ਬਿਮਾਰੀ ਹੈ ਤਾਂ ਕਈ ਵਾਰੀ ਮਰੀਜ਼ ਮੰਨਣ ਨੂੰ ਵੀ ਤਿਆਰ ਨਹੀਂ ਹੁੰਦਾ ਕਿ ਉਸ ਨੂੰ ਕੁੱਝ ਹੋਇਆ ਹੈ। ਜੇ ਮਰੀਜ਼ ਡਾਕਟਰ ਦੇ ਚਲਿਆ ਵੀ ਜਾਵੇ ਤਾਂ ਉਹ ਆਪਣੀ ਬਿਮਾਰੀ ਬਾਰੇ ਕਈ ਵਾਰੀ ਆਪ ਨਹੀਂ ਦੱਸ ਸਕਦਾ ਸਗੋਂ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਦੱਸਣਾ ਪੈਂਦਾ ਹੈ ਕਿ ਉਨ੍ਹਾਂ ਨੂੰ ਮਰੀਜ਼ ਵਿੱਚ ਕੀ ਕੀ ਬਦਲਾ ਦਿਸ ਰਹੇ ਹਨ ਤੇ ਕਦੋਂ ਤੋਂ ਹਨ ? ਇਨ੍ਹਾਂ ਰੋਗਾਂ ਦਾ ਇਲਾਜ ਕਰਨਾ ਵੀ ਔਖਾ ਹੁੰਦਾ ਹੈ ਕਿਉਂਕਿ ਇਹ ਰੋਗ ਇਕੱਲੀ ਦਵਾਈ ਨਾਲ ਠੀਕ ਨਹੀਂ ਹੁੰਦੇ ਸਗੋਂ ਕਈ ਵਾਰ ਡਾਕਟਰ ਨੂੰ ਜਾਂ ਇਲਾਜ ਕਰਨ ਵਾਲੇ ਨੂੰ ਸਾਰੇ ਪਰਿਵਾਰ ਬਾਰੇ ਜਾਨਣ ਦੀ ਲੋੜ ਪੈਂਦੀ ਹੈ। ਕਈ ਵਾਰ ਇਸ ਤਰਾਂ ਦਾ ਰੋਗ ਪਰਿਵਾਰ ਜਾਂ ਸਮਾਜ ਦੀ ਵਜ੍ਹਾ ਨਾਲ ਹੋਇਆ ਹੋ ਸਕਦਾ ਹੈ।

ਜਦੋਂ ਇਲਾਜ ਕਰਨ ਵਾਲਾ ਪਰਿਵਾਰ ਦੇ ਮੈਂਬਰਾਂ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ ਤਾਂ ਪਰਿਵਾਰਕ ਮੈਂਬਰ ਹੈਰਾਨ ਹੋ ਜਾਂਦੇ ਹਨ ਕਿ ਬਿਮਾਰ ਤਾਂ ਇੱਕ ਜਣਾ ਹੈ ਪਰ ਸਾਰੇ ਟੱਬਰ ਬਾਰੇ ਜਾਣਕਾਰੀ ਕਿਉਂ ਲਈ ਜਾ ਰਹੀ ਹੈ ? ਡਾਕਟਰ ਵਾਸਤੇ ਬਹੁਤ ਜ਼ਰੂਰੀ ਹੁੰਦਾ ਹੈ ਕਿ ਉਹ ਬਿਮਾਰੀ ਦੀ ਜੜ੍ਹ ਲੱਭੇ ਤਾਂ ਕਿ ਠੀਕ ਹੋਣ ਤੋਂ ਬਾਦ ਬਿਮਾਰੀ ਦੁਬਾਰਾ ਨਾਂ ਹੋਵੇ।

ਕਈ ਮਾਨਸਿਕ ਰੋਗ ਏਨੇ ਵਿਗੜ ਜਾਂਦੇ ਹਨ ਕਿ ਜਦੋਂ ਡਾਕਟਰ ਮਰੀਜ਼ ਦੀ ਜਾਣਕਾਰੀ ਲੈਣ ਲਈ ਉਸ ਦੀ ਇੰਟਰਵਿਊ ਕਰਦਾ ਹੈ ਤਾਂ ਮਰੀਜ਼ ਆਪਣਾ ਪਿੰਡ, ਮੁਲਕ, ਤਰੀਕ, ਸੰਨ ਅਤੇ ਦਿਨ ਤੱਕ ਵੀ ਭੁੱਲ ਜਾਂਦਾ ਹੈ। ਕਈ ਹਾਲਤਾਂ ਵਿੱਚ ਮਰੀਜ਼ ਦਾ ਆਤਮ ਹੱਤਿਆ ਕਰਨ ਨੂੰ ਵੀ ਦਿਲ ਕਰਦਾ ਹੈ। ਇਸ ਤਰ੍ਹਾਂ ਦੀ ਹਾਲਤ ਵਿੱਚ ਕਈ ਵਾਰ ਕੁੱਝ ਦਿਨ ਮਰੀਜ਼ ਨੂੰ ਹਸਪਤਾਲ ਵਿੱਚ ਦਾਖਲ ਕਰਕੇ ਵੀ ਇਲਾਜ ਕਰਨਾ ਪੈ ਸਕਦਾ ਹੈ ਜਾਂ ਕਿਸੇ ਪਰਿਵਾਰਿਕ ਮੈਂਬਰ ਨੂੰ 24 ਘੰਟੇ ਘਰ ਵਿੱਚ ਹੀ ਮਰੀਜ਼ ਦਾ ਖਿਆਲ ਰੱਖਣਾ ਪੈ ਸਕਦਾ ਹੈ ਤਾਂ ਕਿ ਮਰੀਜ਼ ਆਤਮ ਹੱਤਿਆ ਨਾਂ ਕਰੇ ਜਾਂ ਆਤਮ ਹੱਤਿਆ ਬਾਰੇ ਨਾਂ ਸੋਚੇ। ਇਸ ਤਰਾਂ ਦੀ ਹਾਲਤ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਨੂੰ ਮਿਲਣਾ ਚਾਹੀਦਾ ਹੈ। ਕਿਸੇ ਸਾਧ, ਸੰਤ, ਚੇਲੇ, ਦੇਵਤੇ ਜਾਂ ਰੱਬ ਕੋਲ ਇਸ ਦਾ ਇਲਾਜ ਨਹੀਂ ਹੈ।

ਮੈਂ ਬਚਪਨ ਤੋਂ ਹੀ ਕਿਤਾਬਾਂ ਨਾਲ ਜੁੜਿਆ ਹੋਇਆ ਹਾਂ। ਮੈਨੂੰ ਸੈਂਕੜੇ ਕਿਤਾਬਾਂ ਪੜ੍ਹਨ ਨੂੰ ਮਿਲੀਆਂ ਤੇ ਮੈਂ ਨਿਊਜ਼ੀਲੈਂਡ ਵਿੱਚ ਲਾਇਬ੍ਰੇਰੀ ਵੀ ਚਲਾਉਂਦਾ ਹਾਂ ਜਿਥੋਂ ਲੋਕ ਮੁਫ਼ਤ ਕਿਤਾਬਾਂ ਲੈ ਕੇ ਪੜ੍ਹ ਸਕਦੇ ਹਨ ਤੇ ਸਾਰੇ ਨਿਊਜ਼ੀਲੈਂਡ ਵਿੱਚ ਕਿਤਾਬਾਂ ਮੁਫ਼ਤ ਭੇਜਣ ਦੀ ਸਹੂਲਤ ਵੀ ਹੈ। ਤਰਕਸ਼ੀਲ ਲਹਿਰ ਨਾਲ ਜੁੜੇ ਹੋਣ ਕਰਕੇ ਮੈਂ ਮਾਨਸਿਕ ਰੋਗਾਂ ਦੇ ਕਾਰਨਾਂ ਤੇ ਇਲਾਜ ਸਬੰਧੀ ਕਾਫੀ ਕਿਤਾਬਾਂ ਪੜ੍ਹੀਆਂ ਤੇ ਗੱਲਬਾਤ ਰਾਹੀਂ ਕਈ ਕੇਸਾਂ ਨੂੰ ਹੱਲ ਕਰਨ ਦਾ ਮੌਕਾ ਮਿਲਿਆ। ਮੈਂ ਔਕਲੈਂਡ ਦੀ ਸਭ ਤੋਂ ਵੱਡੀ ਕੀਵੀ ਫਰੂਟ ਪੈਦਾ ਕਰਨ ਵਾਲੀ ਕੰਪਨੀ ਵਿੱਚ ਮੈਨੇਜਰ ਰਿਹਾ ਹੋਣ ਕਰਕੇ ਤਕਰੀਬਨ ਸਾਰੇ ਮੁਲਕਾਂ ਦੇ ਲੋਕਾਂ ਅਤੇ ਪੰਜਾਬ ਦੇ ਬਹੁਤੇ ਪਿੰਡਾਂ ਦੇ ਲੋਕਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਮੇਰੇ ਨਾਲ ਨਿਊਜ਼ੀਲੈਂਡ ਵਿੱਚ ਕੰਮ ਕੀਤਾ ਜਿਸ ਕਰਕੇ ਮੈਨੂੰ ਵੱਖ ਵੱਖ ਮੁਲਕਾਂ, ਕਲਚਰਾਂ ਤੇ ਪਰਿਵਾਰਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਦਾ ਮੌਕਾ ਮਿਲਿਆ। ਮੈਂ ਕੰਪਨੀ ਦਾ ਮੈਨੇਜਰ ਹੋਣ ਕਰਕੇ ਹਰ ਕੋਈ ਮੇਰੇ ਨਾਲ ਆਪਣੇ ਦੁੱਖ ਸਾਂਝੇ ਕਰ ਲੈਂਦਾ ਸੀ। ਲੋਕ ਇਸ ਕਰਕੇ ਵੀ ਮੇਰੇ ਨਾਲ ਦੁੱਖ ਸਾਂਝਾ ਕਰ ਲੈਂਦੇ ਸੀ ਕਿਉਂਕਿ ਮੈਂ ਕਿਸੇ ਦੀ ਸਮੱਸਿਆ ਦਾ ਕਦੇ ਮਜ਼ਾਕ ਨਹੀਂ ਉਡਾਉਂਦਾ ਸੀ ਤੇ ਨਾਂ ਹੀ ਉਸ ਦੀ ਜਾਣਕਾਰੀ ਕਿਸੇ ਹੋਰ ਨੂੰ ਦਿੰਦਾ ਸੀ।

ਅੱਜ ਤੋਂ ਸੱਤ ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਮੈਨੂੰ 22 ਕੁ ਸਾਲ ਦੇ ਮੁੰਡੇ ਨੇ ਨਿਊਜ਼ੀਲੈਂਡ ਦੇ ਹੈਮਿਲਟਨ ਸ਼ਹਿਰ ਵਿਚੋਂ ਫੋਨ ਕੀਤਾ ਜੋ ਕਾਫੀ ਘਬਰਾਹਟ ਵਿੱਚ ਲੱਗ ਰਿਹਾ ਸੀ। ਉਹ

ਕਹਿੰਦਾ ਕਿ ਮੈਂ ਕੋਈ ਦਵਾਈ ਲੈਣ ਡਾਕਟਰ ਦੇ ਗਿਆ ਸੀ। ਉਥੇ ਉਸ ਨੇ ਮੇਰਾ ਬਲੱਡ ਪ੍ਰੈਸ਼ਰ ਚੈੱਕ ਕੀਤਾ ਤਾਂ ਡਾਕਟਰ ਨੇ ਦੱਸਿਆ ਕਿ ਤੇਰਾ ਬਲੱਡ ਪ੍ਰੈਸ਼ਰ ਹਾਈ ਹੈ। ਉਸ ਦਿਨ ਤੋਂ ਮੈਨੂੰ ਇਹ ਸੋਚ ਸੋਚ ਕੇ ਨੀਂਦ ਨਹੀਂ ਆਈ ਕਿ ਏਨੀ ਘੱਟ ਉਮਰ ਵਿੱਚ ਹੀ ਮੈਨੂੰ ਰੋਗ ਲੱਗ ਗਿਆ ਤਾਂ ਮੇਰਾ ਸਾਰੀ ਉਮਰ ਦਾ ਕੀ ਬਣੂੰ ? ਉਹ ਕਹਿੰਦਾ ਕਿ ਉਸ ਨੂੰ ਕਿਸੇ ਨੇ ਕਿਹਾ ਕਿ ਕਿਸੇ ਤਰਕਸ਼ੀਲ ਨੂੰ ਮਿਲ। ਉਹ ਸਹੀ ਸੁਝਾ ਦੇ ਸਕਣਗੇ। ਉਸ ਵਿਅਕਤੀ ਨੇ ਉਸ ਨੂੰ ਮੇਰਾ ਫੋਨ ਨੰਬਰ ਵੀ ਦੇ ਦਿੱਤਾ। ਉਹ ਸ਼ਹਿਰ ਮੇਰੇ ਘਰ ਤੋਂ ਇੱਕ ਘੰਟੇ ਦੀ ਦੂਰੀ ਤੇ ਸੀ। ਉਹ ਮੁੰਡਾ ਕਹਿੰਦਾ ਕਿ ਉਹ ਮੈਨੂੰ ਮਿਲਣਾ ਚਾਹੁੰਦਾ ਹੈ ਤੇ ਉਸ ਨੇ ਮੈਨੂੰ ਮੇਰੀ ਫੀਸ ਬਾਰੇ ਪੁੱਛਿਆ। ਉਸ ਤੋਂ ਲਗਦਾ ਸੀ ਕਿ ਸ਼ਾਇਦ ਪੈਸੇ ਪੱਖੋਂ ਵੀ ਉਸ ਦੇ ਹਲਾਤ ਜਿਆਦਾ ਵਧੀਆ ਨਾਂ ਹੋਣ। ਮੈਂ ਉਸ ਨੂੰ ਕਿਹਾ ਕਿ ਮੈਂ ਕਿਸੇ ਤੋਂ ਪੈਸੇ ਨਹੀਂ ਲੈਂਦਾ ਤੇ ਨਾਂ ਹੀ ਮੈਂ ਡਾਕਟਰ ਹਾਂ। ਮੈਨੂੰ ਤੇਰੇ ਵਾਸਤੇ ਦਵਾਈ ਲਿਖਣ ਦੀ ਵੀ ਇਜਾਜ਼ਤ ਨਹੀਂ। ਤੂੰ ਦੋ ਕੁ ਘੰਟੇ ਦਾ ਸਮਾਂ ਕੱਢ ਕੇ ਆਵੀਂ ਤੇ ਮੈਨੂੰ ਉਮੀਦ ਹੈ ਕਿ ਤੈਨੂੰ ਗੱਲਬਾਤ ਨਾਲ ਵੀ ਫਰਕ ਪੈ ਜਾਵੇਗਾ।

ਉਹ ਘੰਟੇ ਦਾ ਸਫ਼ਰ ਤਹਿ ਕਰਕੇ ਉਸੇ ਦਿਨ ਮੇਰੇ ਕੋਲ ਆ ਗਿਆ। ਪਹਿਲਾਂ ਉਸ ਨੂੰ ਚਾਹ ਪਿਲਾਈ। ਇਸ ਦੌਰਾਨ ਉਸ ਬਾਰੇ ਜਾਣਕਾਰੀ ਇਕੱਠੀ ਕੀਤੀ ਤੇ ਆਪਣੇ ਬਾਰੇ ਵੀ ਜਾਣਕਾਰੀ ਦਿੱਤੀ। ਉਸ ਨੇ ਮੈਨੂੰ ਦੱਸਿਆ ਕਿ ਦਵਾਈ ਤਾਂ ਉਹ ਹੋਰ ਬਿਮਾਰੀ ਦੀ ਲੈਣ ਗਿਆ ਸੀ ਪਰ ਜਦੋਂ ਡਾਕਟਰ ਨੇ ਬਲੱਡ ਪ੍ਰੈਸ਼ਰ ਚੈੱਕ ਕੀਤਾ ਤਾਂ ਉਹ ਹਾਈ ਸੀ ਜਿਸ ਕਰਕੇ ਉਸ ਦਿਨ ਤੋਂ ਮੈਨੂੰ ਨੀਂਦ ਨਹੀਂ ਆਈ। ਮੇਰੇ ਕੋਲ ਬਲੱਡ ਪ੍ਰੈਸ਼ਰ ਚੈੱਕ ਕਰਨ ਵਾਲੀ ਮਸ਼ੀਨ ਪਈ ਸੀ ਤੇ ਮੈਂ ਉਸ ਦਾ ਬਲੱਡ ਪ੍ਰੈਸ਼ਰ ਚੈੱਕ ਕੀਤਾ ਜੋ ਕਿ ਥੋੜ੍ਹਾ ਹਾਈ ਸੀ ਪਰ ਖਤਰਨਾਕ ਲੈਵਲ ਤੇ ਨਹੀਂ ਸੀ। ਫਿਰ ਮੈਂ ਉਸ ਨੂੰ ਜਾਣਕਾਰੀ ਦਿੱਤੀ ਕਿ ਨਿਊਜ਼ੀਲੈਂਡ ਵਿੱਚ ਜਦੋਂ ਵੀ ਡਾਕਟਰ ਦੇ ਜਾਵੋ ਤਾਂ ਡਾਕਟਰ ਤਕਰੀਬਨ ਸਾਰਿਆਂ ਦਾ ਹੀ ਬਲੱਡ ਪ੍ਰੈਸ਼ਰ ਚੈੱਕ ਕਰਦੇ ਹਨ ਇਸ ਕਰਕੇ ਇਹ ਫਿਕਰ ਵਾਲੀ ਗੱਲ ਨਹੀਂ ਹੈ। ਦੂਜਾ ਡਾਕਟਰ ਨੇ ਤੈਨੂੰ ਕਿਹਾ ਕਿ ਤੇਰਾ ਬਲੱਡ ਪ੍ਰੈਸ਼ਰ ਥੋੜ੍ਹਾ ਹਾਈ ਹੈ। ਉਹ ਵੀ ਡਾਕਟਰ ਦਾ ਫਰਜ਼ ਸੀ ਤੈਨੂੰ ਦੱਸਣਾ। ਡਾਕਟਰ ਨੇ ਤੈਨੂੰ ਇਹ ਨਹੀਂ ਕਿਹਾ ਕਿ ਇਹ ਖਤਰਨਾਕ ਲੈਵਲ ਤੇ ਹੈ ਜਾਂ ਤੈਨੂੰ ਇਸ ਨਾਲ ਕੋਈ ਖਤਰਾ ਹੈ। ਜੇ ਡਾਕਟਰ ਨੂੰ ਖਤਰਾ ਦਿਸਦਾ ਤਾਂ ਉਸ ਨੇ ਇਸ ਦੀ ਦਵਾਈ ਦੇ ਦੇਣੀ ਸੀ। ਇਸ ਕਰਕੇ ਇਹ ਵੀ ਫਿਕਰ ਵਾਲੀ ਗੱਲ ਨਹੀਂ ਹੈ। ਉਸ ਨੂੰ ਦੱਸਿਆ ਕਿ ਬਲੱਡ ਪ੍ਰੈਸ਼ਰ ਤਕਰੀਬਨ ਹਰ ਮਿੰਟ ਬਾਦ ਹੀ ਬਦਲਦਾ ਰਹਿੰਦਾ ਹੈ ਕਿਉਂਕਿ ਉਹ ਸਾਡੇ ਕੰਮ ਤੇ ਵੀ ਨਿਰਭਰ ਕਰਦਾ ਹੈ ਕਿ ਅਸੀਂ ਬੈਠੇ ਹਾਂ, ਤੁਰ ਕੇ ਆਏ ਹਾਂ, ਦੌੜ ਕੇ ਆਏ ਹਾਂ, ਕਿਸੇ ਪ੍ਰੇਸ਼ਾਨੀ ਵਿੱਚ ਹਾਂ ਜਾਂ ਕਿਸੇ ਨਾਲ ਲੜ ਕੇ ਹਟੇ ਹਾਂ। ਫਿਰ ਉਸ ਨੂੰ ਮੈਂ ਆਪਣਾ ਬਲੱਡ ਪ੍ਰੈਸ਼ਰ ਚੈੱਕ ਕਰ ਕੇ ਦਿਖਾਇਆ ਉਹ ਵੀ ਤਕਰੀਬਨ ਉਸ ਜਿਨ੍ਹਾਂ ਹੀ ਸੀ। ਉਸ ਨੇ ਕੁੱਝ ਤੱਸਲੀ ਮਹਿਸੂਸ ਕੀਤੀ ਪਰ ਮੈਨੂੰ ਲੱਗ ਰਿਹਾ ਸੀ ਕਿ ਉਹ ਮੇਰੀ ਜਾਣਕਾਰੀ ਤੋਂ

ਤਾਂ ਸੰਤੁਸ਼ਟ ਹੈ ਪਰ ਉਸ ਨੂੰ ਲਗਦਾ ਹੈ ਕਿ ਮੈਂ ਕੋਈ ਸਪੈਸ਼ਲਿਸਟ ਨਹੀਂ ਹਾਂ। ਮੈਂ ਇੱਕ ਡਾਕਟਰ ਦੀ ਲਿਖੀ ਹੋਈ ਕਿਤਾਬ 'ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ' ਲਾਇਬ੍ਰੇਰੀ ਵਿਚੋਂ ਕੱਢ ਕੇ ਦਿੱਤੀ ਤੇ ਉਹੀ ਚੀਜ਼ਾਂ ਉਸ ਵਿੱਚ ਲਿਖੀਆਂ ਦਿਖਾਈਆਂ ਤਾਂ ਉਸ ਦੀ ਤਸੱਲੀ ਹੋ ਗਈ। ਮੈਂ ਉਹ ਕਿਤਾਬ ਉਸ ਨੂੰ ਮੁਫ਼ਤ ਰੱਖਣ ਵਾਸਤੇ ਦੇ ਦਿੱਤੀ। ਉਸ ਨੂੰ ਕੁੱਝ ਸੁਝਾ ਦਿੱਤੇ ਕਿ ਇੱਕ ਘੰਟਾ ਕੋਈ ਵੀ ਕਸਰਤ ਕਰ ਲਿਆ ਕਰੇ ਜਿਸ ਨਾਲ ਥੋੜ੍ਹਾ ਸਾਹ ਚੜ੍ਹ ਜਾਇਆ ਕਰੇ। ਉਸ ਨੂੰ ਇਹ ਵੀ ਸੁਝਾ ਦਿੱਤਾ ਕਿ ਅਗਲੇ ਦੋ ਤਿੰਨ ਹਫਤੇ ਦਵਾਈਆਂ ਵਾਲੀ ਦੁਕਾਨ ਤੋਂ ਬਲੱਡ ਪ੍ਰੈਸ਼ਰ ਚੈੱਕ ਕਰਵਾ ਲਿਆ ਕਰੇ ਤੇ ਬਲੱਡ ਪ੍ਰੈਸ਼ਰ ਦੀ ਰੀਡਿੰਗ ਜ਼ਰੂਰ ਪੁੱਛਿਆ ਕਰੇ। ਬਲੱਡ ਪ੍ਰੈਸ਼ਰ ਚੈੱਕ ਕਰਵਾਉਣ ਦੇ ਸਿਰਫ ਦੋ ਡਾਲਰ ਲਗਦੇ ਸਨ। ਗੱਲਬਾਤ ਕਰਦਿਆਂ ਡੇਢ ਘੰਟਾ ਲੱਗ ਗਿਆ ਸੀ। ਜਾਣ ਵੇਲੇ ਉਸ ਦਾ ਬਲੱਡ ਪ੍ਰੈਸ਼ਰ ਚੈੱਕ ਕੀਤਾ ਤਾਂ ਪਹਿਲਾਂ ਨਾਲੋਂ ਘਟਿਆ ਹੋਇਆ ਸੀ।

ਉਸ ਨੇ ਚੌਥੇ ਦਿਨ ਫੋਨ ਕੀਤਾ ਕਿ ਉਸ ਨੂੰ ਉਸ ਦਿਨ ਤੋਂ ਨੀਂਦ ਵੀ ਵਧੀਆ ਆਉਣ ਲੱਗ ਪਈ ਸੀ ਤੇ ਬਲੱਡ ਪ੍ਰੈਸ਼ਰ ਵੀ ਉਹ ਦੋ ਵਾਰ ਚੈੱਕ ਕਰਵਾ ਚੁੱਕਾ ਸੀ ਜੋ ਕਿ 122/82 ਅਤੇ 124/82 ਆਇਆ ਸੀ। ਉਸ ਤੋਂ ਬਾਦ ਉਹ ਬਿਨਾਂ ਕਿਸੇ ਇਲਾਜ ਦੇ ਠੀਕ ਹੋ ਗਿਆ ਸੀ ਕਿਉਂਕਿ 120/80 ਬਲੱਡ ਪ੍ਰੈਸ਼ਰ ਨੂੰ ਸਿਹਤਮੰਦ ਮੰਨਿਆਂ ਜਾਂਦਾ ਹੈ।

ਨੋਟ :- ਮਾਨਸਿਕ ਸਮੱਸਿਆਵਾਂ ਨੂੰ ਸਮਝਣ ਵਾਸਤੇ ਤਰਕਸ਼ੀਲ ਸੋਚ ਅਪਨਾਉਣ ਦੀ ਲੋੜ ਹੈ ਤਾਂ ਕਿ ਸਾਨੂੰ ਬਿਮਾਰੀ ਜਾਂ ਮਸਲੇ ਦੀ ਜੜ੍ਹ ਸਮਝਣ ਦੀ ਆਦਤ ਪਵੇ। ਇਸ ਵਾਸਤੇ ਜ਼ਰੂਰੀ ਹੈ ਕਿ ਤਰਕਸ਼ੀਲ ਕਿਤਾਬਾਂ ਪੜ੍ਹੀਆਂ ਜਾਣ ਤਾਂ ਕਿ ਅਸੀਂ ਆਪਣੇ ਬਹੁਤੇ ਮਸਲੇ ਆਪ ਹੀ ਹੱਲ ਕਰ ਸਕੀਏ।

❖❖❖❖❖



# 11

## ਆਰਥਿਕ ਮਸਲਾ
## ਕਿਉਂ ਗਰੀਬ ਤੇ ਮੱਧ ਵਰਗ ਦੀ ਸਾਰੀ ਉਮਰ ਆਰਥਿਕ ਸੰਕਟ ਵਿੱਚ ਨਿਕਲਦੀ ਹੈ ?

ਜਿਆਦਾ ਤੌਰ ਤੇ ਗਰੀਬ ਤੇ ਮੱਧ ਵਰਗ ਦੇ ਲੋਕ ਐਮਪਲੋਈ (employee ) ਦੇ ਤੌਰ ਤੇ ਕੰਮ ਕਰਦੇ ਹਨ। ਮੱਧ ਵਰਗ ਵਿੱਚ ਜਾਣ ਤੋਂ ਪਹਿਲਾਂ ਬਹੁਤੇ ਮੱਧ ਵਰਗੀ ਲੋਕ ਵੀ ਗਰੀਬੀ ਵਿਚੋਂ ਹੀ ਉੱਠ ਕੇ ਸਖਤ ਮਿਹਨਤ ਕਰਕੇ ਮੱਧ ਵਰਗ ਵਿੱਚ ਆਏ ਹੁੰਦੇ ਹਨ। ਉਨ੍ਹਾਂ ਵਿਚੋਂ ਕਈਆਂ ਦੇ ਮਾਪਿਆਂ ਨੇ ਵੱਧ ਪੜ੍ਹਾ ਲਿਖਾ ਕੇ ਉਨ੍ਹਾਂ ਨੂੰ ਗਰੀਬੀ ਵਿਚੋਂ ਕੱਢ ਕੇ ਮੱਧ ਵਰਗ ਵਿੱਚ ਲਿਜਾਣ ਵਾਸਤੇ ਵੱਡਾ ਯੋਗਦਾਨ ਪਾਇਆ ਹੁੰਦਾ ਹੈ। ਉਹ ਗੱਲ ਵੱਖਰੀ ਹੈ ਕਿ ਉਨ੍ਹਾਂ ਵਿਚੋਂ ਕਈ ਮਾਂ ਬਾਪ ਦੇ ਕੀਤੇ ਹੋਏ ਸੰਘਰਸ਼ ਨੂੰ ਭੁੱਲ ਜਾਂਦੇ ਹਨ। ਕੁੱਝ ਆਦਤਾਂ ਉਹ ਗਰੀਬ ਵਰਗ ਵਿਚੋਂ ਮੱਧ ਵਰਗ ਵਿੱਚ ਆਉਣ ਵੇਲੇ ਨਾਲ ਹੀ ਲੈ ਆਉਂਦੇ ਹਨ ਜਿਸ ਤਰ੍ਹਾਂ ਪੈਸਾ ਬਚਾਉਣ ਦੀ ਆਦਤ, ਪੈਸੇ ਦਾ ਖਤਰਾ ਮੁੱਲ ਨਾਂ ਲੈਣ ਦੀ ਆਦਤ ਆਦਿ। ਇਸ ਦੀ ਵਜ੍ਹਾ ਕਰਕੇ ਉਹ ਆਪਣਾ ਫਾਲਤੂ ਪੈਸਾ ਬੈਂਕਾਂ ਵਿੱਚ ਹੀ ਰੱਖਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਲਗਦਾ ਹੈ ਕਿ ਜੇ ਕਿਸੇ ਕਾਰੋਬਾਰ ਤੇ ਪੈਸੇ ਲਾਏ ਤਾਂ ਘਾਟਾ ਪੈ ਜਾਵੇਗਾ। ਕਈ ਵਾਰ ਇਹ ਡਰ ਉਨ੍ਹਾਂ ਵਿਚੋਂ ਸਾਰੀ ਉਮਰ ਨਹੀਂ ਨਿਕਲਦਾ। ਫਿਰ ਜਿਆਦਾ ਪੜ੍ਹੇ ਹੋਣ ਕਰਕੇ ਕਾਰੋਬਾਰ ਵੀ ਉਹ ਆਪਣੀ ਹੈਸੀਅਤ ਦੇ ਮੁਕਾਬਲੇ ਦਾ ਹੀ ਖੋਲ੍ਹਣਾ ਚਾਹੁੰਦੇ ਹਨ ਜੋ ਕਿ ਵੱਡਾ ਸਰਮਾਇਆ (ਵੱਧ ਪੈਸਾ) ਮੰਗਦਾ ਹੈ। ਜਿੰਨਾ ਕੰਮ ਵੱਡਾ ਹੋਵੇਗਾ ਉਸ ਦਾ ਫਾਇਦਾ ਜਾਂ ਨੁਕਸਾਨ ਹੋਣ ਦਾ ਡਰ ਵੀ ਓਨਾ ਹੀ ਵੱਡਾ ਹੁੰਦਾ ਹੈ ਪਰ ਵਧੀਆ ਮੈਨਜਮੈਂਟ ਨਾਲ ਨੁਕਸਾਨ ਦੇ ਡਰ ਨੂੰ ਘੱਟ ਕੀਤਾ ਜਾ ਸਕਦਾ ਹੈ।

ਮੱਧ ਵਰਗ ਵਿੱਚ ਆਉਣ ਤੋਂ ਬਾਦ ਉਨ੍ਹਾਂ ਦੀ ਆਮਦਨ ਵਧ ਜਾਂਦੀ ਹੈ ਤੇ ਇਸ ਦੇ ਨਾਲ ਆਮਦਨ ਵਧਣ ਕਰਕੇ ਟੈਕਸ ਵੀ ਵਧ ਜਾਂਦਾ ਹੈ। ਬਾਕੀ ਖਰਚੇ ਵੀ ਵਧ ਜਾਂਦੇ ਹਨ ਪਰ

ਦੋਨਾਂ ਵਰਗਾਂ ਵਿੱਚ ਇਹ ਕੰਮ ਐਮਪਲੋਈ (employee) ਦੇ ਤੌਰ ਤੇ ਹੀ ਕਰਦੇ ਹਨ।

ਸਰਕਾਰਾਂ ਦੁਆਰਾ ਟੈਕਸ ਦਾ ਕਨੂੰਨ (Tax Law) ਸਰਮਾਏਦਾਰਾਂ ਜਾਂ ਕਾਰੋਬਾਰੀਆਂ ਦੇ ਹੱਕ ਵਿੱਚ ਬਣਿਆ ਹੁੰਦਾ ਹੈ ਤਾਂ ਕਿ ਉਹ ਹੋਰ ਜੌਬਾਂ ਪੈਦਾ ਕਰ ਸਕਣ ਜਿਸ ਤੋਂ ਸਰਕਾਰ ਨੂੰ ਹੋਰ ਟੈਕਸ ਆ ਸਕੇ ਜਾਂ ਗਰੀਬ ਤੇ ਮੱਧ ਵਰਗ ਦੇ ਲੋਕ ਹੋਰ ਜੌਬਾਂ ਕਰਕੇ ਬੈਂਕਾਂ ਵਿੱਚ ਹੋਰ ਪੈਸਾ ਜਮ੍ਹਾਂ ਕਰਵਾਉਣ ਤੇ ਬੈਂਕਾਂ ਉਸ ਦਾ ਦਸ ਗੁਣਾਂ ਹੋਰ ਕਰਜ਼ਾ ਵਪਾਰੀਆਂ ਨੂੰ ਦੇ ਸਕਣ। ਬਹੁਤੀਆਂ ਹਾਲਤਾਂ ਵਿੱਚ ਟੈਕਸ ਕਨੂੰਨ ਬਦਲਣ ਵੇਲੇ ਸਰਕਾਰਾਂ ਵੱਡੇ ਵਪਾਰੀਆਂ ਜਾਂ ਉਨ੍ਹਾਂ ਦੇ ਸਲਾਹਕਾਰਾਂ ਤੋਂ ਸਲਾਹ ਵੀ ਲੈਂਦੀਆਂ ਹਨ ਕਿ ਕਿਸ ਤਰਾਂ ਦਾ ਕਨੂੰਨ ਬਣਾਇਆ ਜਾਵੇ ?

ਸਲਾਹ ਕਿਸੇ ਤੋਂ ਵੀ ਪੁੱਛੀ ਜਾਵੇ ਤਾਂ ਉਹ ਆਪਣੇ ਹਿੱਤ ਪਹਿਲਾਂ ਦੇਖੇਗਾ। ਇਸ ਕਰਕੇ ਸਰਮਾਏਦਾਰ ਆਪਣੇ ਮੇਚ ਦਾ ਕਨੂੰਨ ਬਣਵਾਉਂਦਾ ਹੈ। ਲੋਕ ਸਰਕਾਰਾਂ ਬਦਲਣ ਤੇ ਜੋਰ ਲਗਾਉਂਦੇ ਰਹਿੰਦੇ ਹਨ। ਜੇ ਸਰਕਾਰ ਬਦਲ ਵੀ ਜਾਵੇ ਤਾਂ ਟੈਕਸ ਦੇ ਕਨੂੰਨ ਨੂੰ ਫਿਰ ਵੀ ਬਹੁਤਾ ਫਰਕ ਨਹੀਂ ਪੈਂਦਾ।

ਜੇਕਰ ਨਿਊਜ਼ੀਲੈਂਡ ਦੀ ਗੱਲ ਕਰੀਏ ਤਾਂ ਜਦੋਂ ਐਮਪਲੋਈ (employee) ਨੂੰ ਤਨਖਾਹ ਮਿਲਦੀ ਹੈ ਤਾਂ ਟੈਕਸ ਪਹਿਲਾਂ ਕੱਟਿਆ ਜਾਂਦਾ ਹੈ। ਉਸ ਤੋਂ ਬਾਦ ਐਮਪਲੋਈ (employee) ਟੈਕਸ ਕੱਟੇ ਪੈਸਿਆਂ ਨੂੰ ਜਿਥੇ ਜਿਥੇ ਵਰਤੇਗਾ ਤਾਂ ਉਸ ਤੇ ਦੁਬਾਰਾ ਟੈਕਸ ਪਵੇਗਾ ਜਿਸ ਤਰ੍ਹਾਂ :- ਕਰਿਆਨਾ ਖਰੀਦਣਾ, ਪੈਟ੍ਰੋਲ ਪਵਾਉਣਾ, ਕਾਰ ਖਰੀਦਣੀ, ਕਾਰ ਦੀ ਮੁਰੰਮਤ, ਰੈਸਟੋਰੈਂਟ ਵਿੱਚ ਖਾਣਾ, ਫੋਨ ਦਾ ਬਿਲ ਦੇਣਾ, ਕੰਪਿਊਟਰ, ਫੋਨ, ਪ੍ਰਿੰਟਰ, ਕੰਪਿਊਟਰ ਡੈਸਕ ਆਦਿ ਖਰੀਦਣੇ।

ਕਾਰੋਬਾਰ ਕਰਨ ਵਾਲੇ (ਬਿਜਨਸਮੈਨ) ਦੀ ਕੁੱਲ ਆਮਦਨੀ ਆਉਣ ਤੋਂ ਬਾਦ ਉਸ ਨੂੰ ਕਾਰੋਬਾਰ ਦੇ ਤਕਰੀਬਨ ਸਾਰੇ ਖਰਚੇ ਪਹਿਲਾਂ ਕਰਨ ਦੀ ਇਜਾਜ਼ਤ ਹੁੰਦੀ ਹੈ ਤੇ ਫਿਰ ਜੋ ਬਚਿਆ ਉਸ ਉੱਪਰ ਟੈਕਸ ਦੇਣਾ ਹੁੰਦਾ ਹੈ। ਜੇ ਕੁੱਝ ਨਾਂ ਬਚਿਆ ਤਾਂ ਕੋਈ ਟੈਕਸ ਨਹੀਂ। ਸ਼ਾਇਦ ਕੁੱਝ ਵਿਅਕਤੀਆਂ ਨੂੰ ਇਹ ਸਮਝਣ ਵਿੱਚ ਤੰਗੀ ਆਵੇ ਇਸ ਕਰਕੇ ਥੱਲੇ ਉਦਾਹਰਣ ਦੇ ਰਿਹਾ ਹਾਂ।

ਐਮਪਲੋਈ (employee) ਦੀ ਆਮਦਨ $61,000 – ਟੈਕਸ ਅੰਦਾਜੇ ਨਾਲ (Approximately Tax) $12,000= ($49,000 ਐਮਪਲੋਈ ਨੂੰ ਮਿਲੇ)। ਜਦੋਂ ਐਮਪਲੋਈ ਨੇ $49,000 ਖਰਚਿਆ ਉਸ ਵਿਚੋਂ 15% ਜੀ ਐਸ ਟੀ ਨਿਕਲੀ $7,350

ਅਤੇ ਬਾਕੀ ਬਚੇ $41,650.
ਐਮਪਲੋਈ (employee) ਕੋਲ ਸਾਰੇ ਟੈਕਸ ਕੱਟ ਕੇ $41,650 ਬਚੇ।

ਹੁਣ ਦੇਖਦੇ ਹਾਂ ਜੇ ਕਾਰੋਬਾਰੀ ਏਨੇ ਪੈਸੇ ਕਮਾਉਂਦਾ ਹੈ ਅਤੇ ਸਾਰੇ ਐਮਪਲੋਈ (employee) ਦੀ ਤਰਾਂ ਖਰਚ ਦਿੰਦਾ ਹੈ ਤਾਂ ਕੀ ਹੁੰਦਾ ਹੈ। ਵੱਡਾ ਕਾਰੋਬਾਰੀ ਜੀ ਐਸ ਟੀ ਰਜਿਸਟਰਡ ਹੁੰਦਾ ਹੈ। ਕਾਰੋਬਾਰੀ ਦੀ ਆਮਦਨ $61,000 (ਉਸ ਨੂੰ GST ਵੀ ਮਿਲੇਗੀ ਪਰ ਉਸ ਨੂੰ ਹਿਸਾਬ ਤੋਂ ਵੱਖਰਾ ਰੱਖਦੇ ਹਾਂ। ਹੁਣ ਜੇਕਰ ਕਾਰੋਬਾਰੀ ਸਾਰਾ $61,000 ਕਾਰੋਬਾਰ ਦੀਆਂ ਚੀਜ਼ਾਂ ਖਰੀਦਣ ਦੇ ਵਾਸਤੇ ਖਰਚ ਦੇਵੇ ਤਾਂ ਉਸ ਨੂੰ ਕੋਈ ਟੈਕਸ ਨਹੀਂ ਦੇਣਾ ਪਵੇਗਾ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕੁੱਝ ਚੀਜ਼ਾਂ ਤੇ ਕਾਰੋਬਾਰੀ ਡੈਪਰੀਸਿਅਸ਼ਨ (depreciation) ਕਲੇਮ ਕਰ ਸਕੇਗਾ। ਕਈ ਚੀਜ਼ਾਂ ਵਿਚੋਂ ਜੀ ਐਸ ਟੀ ਵੀ ਕਲੇਮ ਹੋਵੇਗੀ। ਜੇਕਰ ਛੋਟੀਆਂ ਚੀਜ਼ਾਂ ਛੱਡ ਵੀ ਦਿਓ ਤਾਂ ਐਮਪਲੋਈ ਕੋਲ ਸਾਰੇ ਟੈਕਸ ਕੱਟ ਕੇ ਖਰਚਣ ਲਈ $61,000 ਵਿਚੋਂ $41,650 ਬਚੇ ਅਤੇ ਕਾਰੋਬਾਰੀ ਕੋਲ $61,000 ਵਿਚੋਂ ਸਾਰੇ ਹੀ ਬਚੇ। ਇਥੇ ਕਾਰੋਬਾਰੀ ਤਕਰੀਬਨ $20,000 ਦੇ ਫਰਕ ਨਾਲ ਅੱਗੇ ਲੰਘ ਗਿਆ ਪਰ ਸਾਰਾ ਹਿਸਾਬ ਕਰਨ ਤੋਂ ਬਾਦ ਫਰਕ ਹੋਰ ਵੀ ਵੱਡਾ ਹੋਵੇਗਾ।

ਇਸ ਕਰਕੇ ਐਮਪਲੋਈ (employee) ਦੇ ਤੌਰ ਤੇ ਕੰਮ ਕਰਨ ਨਾਲੋਂ ਬਿਜਨਸ/ ਕਾਰੋਬਾਰ ਕਰਨਾ ਠੀਕ ਰਹਿੰਦਾ ਹੈ।

ਨੋਟ :- ਉਪਰੋਕਤ ਉਦਾਹਰਣ ਦੇ ਵਿੱਚ ਦਿੱਤੇ ਹੋਏ ਹਿਸਾਬ ਨੂੰ ਵਰਤਣ ਤੋਂ ਪਹਿਲਾਂ ਆਪਣੇ ਅਕਾਊਂਟੈਂਟ ਜਾਂ ਫਾਇਨੈਨਸ਼ੀਅਲ ਐਡਵਾਈਜ਼ਰ ਦੀ ਸਲਾਹ ਲਵੋ।

❖❖❖❖❖



# # 12

## ਜਦੋਂ ਮੈਂ ਬਿਨਾਂ ਪੈਸੇ, ਬਿਨਾਂ ਇਕੁਟੀ (Equity) ਤੇ ਬਿਨਾਂ ਕਿਸੇ ਦੀ ਗਰੰਟੀ ਤੋਂ ਘਰ ਖਰੀਦਿਆ

## *ਉਹ ਵੀ ਨਿਊਜ਼ੀਲੈਂਡ ਦੇ ਸਭ ਤੋਂ ਮਹਿੰਗੇ ਸ਼ਹਿਰ ਔਕਲੈਂਡ ਵਿੱਚ*

ਕਈ ਵਾਰ ਕੁੱਝ ਵਿਅਕਤੀਆਂ ਨਾਲ ਦੋ ਤਿੰਨ ਬੁਰੀਆਂ ਘਟਨਾਵਾਂ ਵਾਪਰ ਜਾਣ ਤਾਂ ਉਹ ਬਹੁਤ ਘਬਰਾ ਜਾਂਦੇ ਹਨ। ਉਨ੍ਹਾਂ ਵਿਚੋਂ ਬਹੁਤ ਥੋੜ੍ਹੇ ਵਿਅਕਤੀਆਂ ਨਾਲ ਬੁਰੀਆਂ ਘਟਨਾਵਾਂ ਵਾਰ ਵਾਰ ਵਾਪਰਦੀਆਂ ਹਨ। ਉਹ ਇਨ੍ਹਾਂ ਘਟਨਾਵਾਂ ਨੂੰ ਆਪਣੀ ਜਿੰਦਗੀ ਦਾ ਹਿੱਸਾ ਮੰਨਣ ਲੱਗ ਪੈਂਦੇ ਹਨ। ਤੁਸੀਂ ਕਈ ਵਾਰ ਸਿਆਣਿਆਂ ਨੂੰ ਕਹਿੰਦੇ ਸੁਣਿਆਂ ਹੋਵੇਗਾ ਕਿ ਫਲਾਣਾ ਪਤਾ ਨਹੀਂ ਕਿਹੜੀ ਮਿੱਟੀ ਦਾ ਬਣਿਆ ਹੋਇਆ ਹੈ ਜੋ ਸਭ ਕੁੱਝ ਝੱਲੀ ਜਾਂਦਾ ਹੈ।

ਵੈਸੇ ਵੀ ਜਦੋਂ ਕਿਸੇ ਤੇ ਮਾੜਾ ਸਮਾਂ ਆਉਂਦਾ ਹੈ ਤਾਂ ਉਹ ਉਸ ਵਿਅਕਤੀ ਤੇ ਨਿਰਭਰ ਕਰਦਾ ਹੈ ਕਿ ਉਹ ਉਸ ਬੁਰੇ ਸਮੇਂ ਵਾਸਤੇ ਸਰਕਾਰ ਨੂੰ ਕੋਸੇ ਜਾਂ ਰੱਬ ਨੂੰ ਕੋਸੇ ਜਾਂ ਮਾੜੀ ਕਿਸਮਤ ਨੂੰ ਕੋਸੇ ਜਾਂ ਹੱਥ ਜੋੜ ਕੇ ਰੱਬ ਅੱਗੇ ਫਰਿਆਦ ਕਰਨ ਬੈਠ ਜਾਵੇ ਜਾਂ ਸਾਧਾਂ ਸੰਤਾਂ ਅੱਗੇ ਨੱਕ ਰਗੜੇ ਜਾਂ ਸਭ ਕੁੱਝ ਛੱਡ ਕੇ ਬੈਠ ਜਾਵੇ ਜਾਂ ਉਸ ਹਲਾਤ ਦਾ ਮੁਕਾਬਲਾ ਕਰਨ ਦਾ ਫੈਸਲਾ ਕਰੇ। ਉਸ ਵਿਅਕਤੀ ਦਾ ਆਉਣ ਵਾਲਾ ਸਮਾਂ ਇਸ ਗੱਲ ਤੇ ਨਿਰਭਰ ਕਰੇਗਾ ਕਿ ਉਹ ਉਪਰੋਕਤ ਚੀਜ਼ਾਂ ਵਿਚੋਂ ਕਿਹੜੀ ਚੀਜ਼ ਕਰਦਾ ਹੈ ?

ਜਿਹੜੇ ਲੋਕ ਹਲਾਤਾਂ ਦਾ ਮੁਕਾਬਲਾ ਕਰਨ ਦਾ ਫੈਸਲਾ ਕਰ ਲੈਂਦੇ ਹਨ ਉਹ ਮੁਸੀਬਤਾਂ ਤੋਂ ਡਰਨਾ ਛੱਡ ਦਿੰਦੇ ਹਨ ਅਤੇ ਇਸ ਦੇ ਨਾਲ ਮੁਸੀਬਤਾਂ ਵਿਚੋਂ ਚੰਗੀਆਂ ਗੱਲਾਂ ਸਿੱਖਣ ਲੱਗ ਪੈਂਦੇ ਹਨ। ਵਾਰ ਵਾਰ ਮਾੜੀਆਂ ਘਟਨਾਵਾਂ ਵਾਪਰਨ ਕਰਕੇ ਮੈਂ ਉਨ੍ਹਾਂ ਲੋਕਾਂ ਵਿੱਚ ਸ਼ਾਮਿਲ ਹੋ ਗਿਆ ਸੀ ਜਿਹੜੇ ਮੁਸੀਬਤਾਂ ਤੋਂ ਨਹੀਂ ਡਰਦੇ ਸਗੋਂ ਉਨ੍ਹਾਂ ਤੋਂ ਨਵੀਆਂ ਗੱਲਾਂ ਸਿੱਖਦੇ ਹਨ।

ਸੰਨ 1987 ਵਿੱਚ ਜਦੋਂ ਮੈਂ ਕੰਮ ਸਿੱਖਦਾ ਸੀ ਉਦੋਂ ਮੈਨੂੰ ਮਹਾਨ ਭਾਰਤ ਵਿੱਚ ਦੋ ਰੁਪਏ ਦਿਹਾੜੀ ਮਿਲਦੀ ਸੀ। ਉਸ ਵੇਲੇ ਮੈਨੂੰ ਸਿਆਣਿਆਂ ਦੀ ਕਹੀ ਗੱਲ ਚੇਤੇ ਆਉਂਦੀ ਹੁੰਦੀ ਸੀ ਕਿ 'ਚਾਦਰ ਦੇਖ ਕੇ ਪੈਰ ਪਸਾਰਨੇ ' ਚਾਹੀਦੇ ਹਨ ਜਿਸ ਦਾ ਮਤਲਬ ਹੈ ਕਿ ਆਮਦਨ ਦੇਖ ਕੇ ਖਰਚਾ ਕਰਨਾ ਚਾਹੀਦਾ ਹੈ। ਮੈਂ ਸੋਚਿਆ ਕਿ ਦੋ ਰੁਪਏ ਦਿਹਾੜੀ ਵਿੱਚ ਤਾਂ ਚਾਦਰ ਵੀ ਖਰੀਦ ਨਹੀਂ ਹੋਣੀ ਤਾਂ ਪੈਰ ਪਸਾਰਨੇ ਤਾਂ ਇੱਕ ਪਾਸੇ ਪੈਰ ਇਕੱਠੇ ਕਰ ਕੇ ਵੀ ਚਾਦਰ ਵਿੱਚ ਬੈਠ ਨਹੀਂ ਹੋਣਾ।

ਬੁਰੇ ਹਲਾਤਾਂ ਤੇ ਘੱਟ ਆਮਦਨ ਨੇ ਮੈਨੂੰ ਸਸਤੀਆਂ ਚੀਜ਼ਾਂ ਖਰੀਦਣ ਦਾ ਤਰੀਕਾ ਸਿਖਾਇਆ। ਮੈਂ ਹਰ ਚੀਜ਼ ਨੂੰ ਸਸਤੀ ਜਾਂ ਮੁਫ਼ਤ ਲੱਭਣ ਦੀ ਕੋਸ਼ਿਸ਼ ਕਰਦਾ। ਜਦੋਂ ਨਿਊਜ਼ੀਲੈਂਡ ਆਇਆ ਤਾਂ ਉਹ ਆਦਤ ਨਾਲ ਹੀ ਆ ਗਈ।

ਗੱਲ 2003 ਜਾਂ 2004 ਦੀ ਹੈ। ਉਸ ਵੇਲੇ ਮੈਂ ਘਰ ਖਰੀਦਣ ਦਾ ਕੰਮ ਕਰਦਾ ਸੀ। ਮੈਂ ਇੱਕ ਘਰ ਦਾ ਸੌਦਾ $222,000 ਵਿੱਚ ਕਰ ਲਿਆ। ਇਹ ਘਰ ਸਾਊਥ ਔਕਲੈਂਡ ਵਿੱਚ ਸੀ। ਪੰਜ ਕੁ ਸਾਲ ਪੁਰਾਣਾ ਬਰਿੱਕ ਦਾ ਬਣਿਆ ਹੋਇਆ ਜਿਸ ਵਿੱਚ ਤਿੰਨ ਬੈੱਡਰੂਮ ਤੇ ਸਿੰਗਲ ਗੈਰਾਜ ਸੀ। ਪੈਸਾ ਕੋਲ ਕੋਈ ਨਹੀਂ ਸੀ ਇਸ ਕਰਕੇ ਮਾਲਕ ਨੂੰ ਕਿਹਾ ਕਿ ਸੈਟਲਮੈਂਟ (settlement) 8 ਮਹੀਨੇ ਬਾਦ ਕਰਾਂਗਾ ਤੇ ਸਾਰੇ ਪੈਸੇ ਇਕੱਠੇ ਦਿਆਂਗਾ। ਮਾਲਕ ਇਸ ਗੱਲ ਤੇ ਮੰਨ ਗਿਆ ਤੇ ਸੌਦਾ ਅੰਨਕੰਡੀਸ਼ਨਲ (unconditional) ਕਰ ਦਿੱਤਾ ਗਿਆ। ਘਰ ਵਾਸਤੇ ਮੇਰਾ ਕਰਜ਼ਾ ਵੀ ਮਨਜ਼ੂਰ ਨਹੀਂ ਹੋਇਆ ਸੀ। ਬਿਨਾਂ ਡਿਪੋਸਿਟ ਦਿੱਤਿਆਂ ਕਰਜ਼ਾ ਮਨਜ਼ੂਰ ਵੀ ਨਹੀਂ ਹੋਣਾ ਸੀ। ਉਸ ਵੇਲੇ ਇਨਵੇਸਟਰ ਵਾਸਤੇ 20% ਡਿਪੋਸਿਟ ਜਾਂ ਇਕੁਟੀ ਹੋਣਾ ਜ਼ਰੂਰੀ ਸੀ ਤੇ ਮੇਰੇ ਕੋਲ ਦੋਨੋਂ ਨਹੀਂ ਸਨ। ਬੈਂਕ ਖਰੀਦਣ ਦੀ ਕੀਮਤ (purchase price) ਜਾਂ ਰਜਿਸਟਰਡ ਕੀਮਤ (registered valuation) ਦੋਨਾਂ ਵਿਚੋਂ ਜਿਹੜੀ ਚੀਜ਼ ਘੱਟ ਹੋਵੇ ਉਸ ਦਾ 80% ਕਰਜ਼ਾ ਦਿੰਦੀ ਸੀ। ਸੇਲ ਐਂਡ ਪਰਚੇਸ ਐਗਰੀਮੈਂਟ (ਘਰ ਖਰੀਦਣ ਵਾਲਾ ਫਾਰਮ) ਤੋਂ ਛੇ ਮਹੀਨੇ ਬਾਦ ਬੈਂਕ ਘਰ ਦੀ ਰਜਿਸਟਰਡ ਕੀਮਤ (registered value) ਦਾ 80% ਕਰਜ਼ਾ ਦੇ ਦਿੰਦੀ ਸੀ।

ਸੌਦਾ ਕਰਨ ਤੋਂ ਛੇ ਮਹੀਨੇ ਤੱਕ ਮੈਂ ਕੁੱਝ ਨਹੀਂ ਕੀਤਾ। ਛੇ ਮਹੀਨੇ ਬਾਦ ਮੈਂ ਰਜਿਸਟਰਡ ਵੈਲਿਊਏਸ਼ਨ (registered valuation) ਕਰਵਾਈ ਤਾਂ ਘਰ ਦੀ ਕੀਮਤ $280,000 ਆਈ।

ਮੈਂ ਬੈਂਕ ਕੋਲ ਗਿਆ ਉਨ੍ਹਾਂ ਨੂੰ ਸੇਲ ਐਂਡ ਪਰਚੇਸ ਕੰਟ੍ਰੈਕਟ (ਘਰ ਖਰੀਦਣ ਵਾਲਾ

ਫਾਰਮ) ਦਿਖਾਇਆ ਅਤੇ ਨਾਲ ਹੀ ਤਾਜ਼ੀ ਰਜਿਸਟਰਡ ਵੈਲਿਊਏਸ਼ਨ (registered valuation) ਦੀ ਰਿਪੋਰਟ ਦਿਖਾਈ। ਬੈਂਕ ਨੂੰ ਕਿਹਾ ਕਿ ਸੌਦਾ ਛੇ ਮਹੀਨੇ ਪਹਿਲਾਂ $222,000 ਦਾ ਹੋਇਆ ਸੀ ਤੇ ਹੁਣ ਘਰ ਦੀ ਕੀਮਤ ਵਧ ਕੇ $280,000 ਹੋ ਗਈ ਹੈ। ਇਸ ਕਰਕੇ ਮੈਨੂੰ $280,000 ਦਾ 80% ਕਰਜ਼ਾ ਚਾਹੀਦਾ ਹੈ ਜੋ ਕਿ $224,000 ਬਣਦਾ ਸੀ। ਬੈਂਕ ਨੇ ਮੈਨੂੰ $224,000 ਦਾ ਕਰਜ਼ਾ ਦੇ ਦਿੱਤਾ। ਜਿਸ ਵਿਚੋਂ $222,000 ਘਰ ਦੇ ਮਾਲਕ ਨੂੰ ਦੇ ਦਿੱਤਾ, $1,000 ਵਕੀਲ ਨੂੰ ਦੇ ਦਿੱਤਾ, $450 ਰਜਿਸਟਰਡ ਵੈਲਿਊਏਸ਼ਨ ਕਰਨ ਵਾਲੇ ਨੂੰ ਦੇ ਦਿੱਤੇ ਤੇ ਬਾਕੀ ਦੇ $550 ਆਪਣੀ ਜੇਬ ਵਿੱਚ ਪਾ ਕੇ ਘਰ ਆ ਗਿਆ। ਇਸ ਤਰ੍ਹਾਂ ਬਿਨਾਂ ਕੋਈ ਪੈਸਾ ਹੋਣ, ਬਿਨਾਂ ਕਿਸੇ ਇਕੁਟੀ (equity) ਤੋਂ ਅਤੇ ਬਿਨਾਂ ਕਿਸੇ ਬੰਦੇ ਦੀ ਗਰੰਟੀ ਤੋਂ ਨਿਊਜ਼ੀਲੈਂਡ ਦੇ ਸਭ ਤੋਂ ਮਹਿੰਗੇ ਸ਼ਹਿਰ ਔਕਲੈਂਡ ਵਿੱਚ ਘਰ ਖਰੀਦ ਲਿਆ ਸੀ। ਇਸ ਸੌਦੇ ਵਿੱਚ ਕਿਸੇ ਵੀ ਧਿਰ ਨੇ ਕਿਸੇ ਕਨੂੰਨ ਦੀ ਉਲੰਘਣਾ ਨਹੀਂ ਕੀਤੀ। ਸਿਰਫ ਕਨੂੰਨ ਨੂੰ ਸਮਝ ਕੇ ਵਰਤਿਆ ਸੀ।

ਨੋਟ :- ਇਹ ਸੌਦਾ ਕਰਨ ਵਾਲਾ ਪੰਜਾਬ ਦੇ ਸਰਕਾਰੀ ਸਕੂਲ ਵਿੱਚ ਪੰਜਾਬੀ ਮੀਡੀਅਮ ਵਿੱਚ ਦਸ ਜਮਾਤਾਂ ਪੜ੍ਹਿਆ ਹੋਇਆ ਅਵਤਾਰ ਖੁਰਦਪੁਰ ਵਾਲਾ ਸੀ।

❖❖❖❖❖


ਜੀ ਆਇਆਂ ਨੂੰ
ਪਰਵਾਸੀ ਪੰਜਾਬੀਆਂ ਨਾਲ ਵਿਸ਼ੇਸ਼ ਮਿਲਣੀ
ਸਾਡੇ ਮਹਿਮਾਨ
27 ਜਨਵਰੀ 2020
11:00 ਵਜੇ
(ਬਠਿੰਡਾ)

# 13

## ਕਾਮਯਾਬੀ ਦਾਇਰੇ/ਚੱਕਰ ਤੋਂ ਬਾਹਰ
## (Success is outside the circle)

ਕਾਮਯਾਬੀ (success) ਇਨਸਾਨ ਵੱਖ ਵੱਖ ਖੇਤਰਾਂ ਵਿੱਚ ਹਾਸਲ ਕਰਦਾ ਹੈ। ਕਿਸੇ ਖੇਤਰ ਦੀ ਕਾਮਯਾਬੀ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਹਰ ਕਾਮਯਾਬੀ ਪਿਛੇ ਬਹੁਤ ਸਖਤ ਮਿਹਨਤ ਲੁਕੀ ਹੁੰਦੀ ਹੈ ਪਰ ਜਦੋਂ ਜਿਆਦਾ ਲੋਕ ਕਿਸੇ ਦੀ ਕਾਮਯਾਬੀ ਵੱਲ ਨਿਗ੍ਹਾ ਮਾਰਦੇ ਹਨ ਤਾਂ ਉਸ ਪਿੱਛੇ ਲੁਕੇ ਸੰਘਰਸ਼ ਤੇ ਨਿਗ੍ਹਾ ਨਹੀਂ ਮਾਰਦੇ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਹੁਤੇ ਲੋਕ ਦੂਜੇ ਦੀ ਕਾਮਯਾਬੀ ਤੋਂ ਸਿੱਖ ਨਹੀਂ ਸਕਦੇ। ਉਦਾਹਰਣ ਦੇ ਤੌਰ ਤੇ ਜੇ ਤੁਸੀਂ ਕਿਸੇ ਦੀ ਵਧੀਆ ਮਹਿੰਗੀ ਗੱਡੀ ਦੇਖਦੇ ਹੋ ਤਾਂ ਉਸ ਵਿਚੋਂ ਤੁਹਾਡੇ ਸਿੱਖਣ ਲਈ ਕੁੱਝ ਨਹੀਂ ਹੈ ਪਰ ਜੇਕਰ ਤੁਸੀਂ ਉਸ ਵਿਅਕਤੀ ਨੂੰ ਪੁੱਛਦੇ ਹੋ ਕਿ ਇਸ ਮਹਿੰਗੀ ਗੱਡੀ ਨੂੰ ਲੈਣ ਵਾਸਤੇ ਤੈਨੂੰ ਕੀ ਕੀ ਕਰਨਾ ਪਿਆ ਜਾਂ ਤੈਨੂੰ ਇਸ ਵਾਸਤੇ ਕਿਹੜੇ ਸੰਘਰਸ਼ ਵਿਚੋਂ ਲੰਘਣਾ ਪਿਆ ਤਾਂ ਉਸ ਦੇ ਜਵਾਬ ਵਿਚੋਂ ਤੁਹਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲੇਗਾ ਜੋ ਕਿ ਤੁਹਾਡੇ ਵਾਸਤੇ ਲਾਹੇਵੰਦ ਸਾਬਤ ਹੋ ਸਕਦਾ ਹੈ।

ਅੱਜ ਆਰਥਿਕ (Financial) ਕਾਮਯਾਬੀ ਦੀ ਗੱਲ ਕਰਦੇ ਹਾਂ ਕਿਉਂਕਿ ਕਮਜ਼ੋਰ ਆਰਥਿਕਤਾ ਬਹੁਤੇ ਲੋਕਾਂ ਦੀ ਸਮੱਸਿਆ ਹੈ। ਬੱਚੇ ਦੇ ਪੈਦਾ ਹੋਣ ਤੋਂ ਬਾਦ ਜਿਸ ਤਰ੍ਹਾਂ ਉਹ ਵੱਡਾ ਹੁੰਦਾ ਜਾਂਦਾ ਹੈ ਤਾਂ ਉਹ ਬਹੁਤ ਸਾਰੀਆਂ ਚੀਜ਼ਾਂ ਆਪਣੇ ਪਰਿਵਾਰ, ਸਕੂਲ ਅਤੇ ਸਮਾਜ ਤੋਂ ਸਿੱਖਦਾ ਹੈ। ਉਹ ਇਹ ਸਾਰੀਆਂ ਚੀਜ਼ਾਂ ਸਿੱਖ ਕੇ ਆਪਣੇ ਆਲੇ ਦੁਆਲੇ ਇੱਕ ਚੱਕਰ (circle) ਬਣਾ ਲੈਂਦਾ ਹੈ ਜਾਂ ਉਸ ਦੇ ਆਲੇ ਦੁਆਲੇ ਉਹ ਚੱਕਰ ਬਣਾ ਦਿੱਤਾ ਜਾਂਦਾ ਹੈ। ਉਸ ਚੱਕਰ ਦੇ ਵਿੱਚ ਰਹਿਣ ਲਈ ਉਸ ਨੂੰ ਕੁੱਝ ਚੀਜ਼ਾਂ ਸਿਖਾਈਆਂ ਜਾਂਦੀਆਂ ਹਨ ਜਿਸ ਤਰਾਂ ਆਹ ਸਾਡਾ ਕਲਚਰ ਹੈ, ਆਹ ਸਾਡੀ ਜਾਤ ਹੈ, ਆਹ ਸਾਡਾ ਧਰਮ ਹੈ, ਇਸ ਤਰ੍ਹਾਂ ਦੇ ਰੱਬ/ਦੇਵਤੇ ਹੁੰਦੇ ਹਨ, ਗੈਬੀ ਸ਼ਕਤੀਆਂ ਦੀ ਹੋਂਦ, ਭੂਤਾਂ ਪ੍ਰੇਤਾਂ ਦੇ ਵਹਿਮ, ਸੁੱਖਾਂ

ਸੁਖਣੀਆਂ, ਜੋਤਿਸ਼ ਦੀ ਮਹਾਨਤਾ, ਜਾਦੂ ਟੂਣੇ, ਵਿਆਹ ਦੀ ਉਮਰ, ਮਰਨ ਦੀਆਂ ਰਸਮਾਂ, ਮਾਂ ਪਿਓ ਬਾਰੇ ਜਿਮੇਂਵਾਰੀਆਂ, ਪੜ੍ਹਾਈ ਅਤੇ ਕੰਮ (Job) ਦੀ ਅਹਿਮੀਅਤ ਆਦਿ। ਇਸ ਤੋਂ ਇਲਾਵਾ ਰੀਤੀ ਰਿਵਾਜ਼, ਪੁਰਾਣੀਆਂ ਕਹਾਵਤਾਂ ਅਤੇ ਕੁੱਝ ਹੋਰ ਚੀਜ਼ਾਂ ਸਿਖਾਈਆਂ ਜਾਂਦੀਆਂ ਹਨ। ਬੱਚਾ ਏਨਾ ਕੁੱਝ ਸਿੱਖ ਕੇ ਕਾਫੀ ਭਰਿਆ ਭਰਿਆ ਮਹਿਸੂਸ ਕਰਦਾ ਹੈ। ਹੁਣ ਉਸ ਬੱਚੇ ਦੇ ਆਪਣੇ ਕਰਨ ਲਈ ਬਹੁਤਾ ਕੁੱਝ ਨਹੀਂ ਬਚਦਾ। ਜਨਮ ਤੋਂ ਮਰਨ ਤੱਕ ਦਾ ਸਭ ਕੁੱਝ ਪਹਿਲਾਂ ਹੀ ਸਿਖਾ ਦਿੱਤਾ ਗਿਆ ਜਾਂ ਉਸ ਉੱਪਰ ਥੋਪ ਦਿੱਤਾ ਗਿਆ। ਜਦੋਂ ਬੱਚਾ ਪੈਦਾ ਹੁੰਦਾ ਹੈ ਉਹ ਕੋਰੀ ਕਾਪੀ ਦੀ ਤਰ੍ਹਾਂ ਹੁੰਦਾ ਹੈ। ਉਸ ਨੂੰ ਜੋ ਸਿਖਾਓਗੇ ਉਸ ਵਾਸਤੇ ਉਹੀ ਸੱਚ ਹੋਵੇਗਾ। ਇਸ ਤਰਾਂ ਉਹ ਨਵੀਆਂ ਚੀਜ਼ਾਂ ਸਿੱਖਣ ਦੀ ਬਜਾਏ ਉਸੇ ਬਣਾਏ ਚੱਕਰ ਵਿੱਚ ਘੁੰਮਦਾ ਰਹਿੰਦਾ ਹੈ।

ਇਸ ਤੋਂ ਵੀ ਖਤਰਨਾਕ ਪੱਖ ਹੈ ਕਿ ਜਦੋਂ ਬੱਚਾ ਇਸ ਸਭ ਕੁੱਝ ਨੂੰ ਸੱਚ ਮੰਨ ਲੈਂਦਾ ਹੈ ਤਾਂ ਜੇਕਰ ਕੋਈ ਉਸ ਦੇ ਚੱਕਰ ਪ੍ਰਤੀ ਵੱਖਰੀ ਜਾਂ ਉਲਟ ਗੱਲ ਕਰਦਾ ਹੈ ਤਾਂ ਉਸ ਨੂੰ ਉਹ ਗੱਲ ਜਾਂ ਵਿਅਕਤੀ ਵਿਰੋਧੀ ਲੱਗਣ ਲੱਗ ਪੈਂਦਾ ਹੈ। ਉਹ ਫਿਰ ਉਸ ਵਿਅਕਤੀ ਜਾਂ ਉਸ ਵਿਅਕਤੀ ਦੇ ਵਿਚਾਰਾਂ ਦੀ ਵਿਰੋਧਤਾ ਕਰਦਾ ਹੈ ਭਾਵ ਉਸ ਦੀ ਸਾਰੀ ਉਮਰ ਆਪਣੇ ਚੱਕਰ ਨੂੰ ਡਿਫੈਂਡ (defend) ਕਰਨ ਵਿੱਚ ਬੀਤਦੀ ਹੈ ਭਾਵੇਂ ਕਿ ਚੱਕਰ ਵਿੱਚ ਸਿਖਾਈਆਂ ਬਹੁਤੀਆਂ ਗੱਲਾਂ ਦਾ ਕੋਈ ਸਬੂਤ ਵੀ ਨਹੀਂ ਹੁੰਦਾ। ਜੇਕਰ ਕੋਈ ਵਿਅਕਤੀ ਉਸ ਚੱਕਰ ਤੋਂ ਬਾਹਰ ਨਿਕਲ ਕੇ ਕੁੱਝ ਕਰੇ ਜਾਂ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸ ਦੇ ਘਰਦਿਆਂ, ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨੂੰ ਲੱਗਣ ਲੱਗ ਪੈਂਦਾ ਹੈ ਕਿ ਇਹ ਬਾਗੀ ਹੋ ਗਿਆ ਹੈ ਜਾਂ ਸਾਡਾ ਕਹਿਣਾ ਨਹੀਂ ਮੰਨਦਾ ਜਾਂ ਆਪਣੀ ਮਰਜ਼ੀ ਕਰਦਾ ਹੈ ਅਤੇ ਕਈਆਂ ਨੂੰ ਤਾਂ ਲੱਗਣ ਲਗਦਾ ਹੈ ਕਿ ਇਹ ਤਾਂ ਸਾਡਾ ਨੱਕ ਵਢਾ ਦੇਵੇਗਾ। ਫਿਰ ਸਾਰੇ ਇਕੱਠੇ ਹੋ ਕੇ ਚੱਕਰ ਤੋਂ ਬਾਹਰ ਨਿਕਲੇ ਵਿਅਕਤੀ ਨੂੰ ਸਮਝਾਉਣ ਲੱਗ ਪੈਂਦੇ ਹਨ। ਉਸ ਦਾ ਮਤਲਬ ਹੁੰਦਾ ਹੈ ਕਿ ਉਹ ਵਾਪਿਸ ਚੱਕਰ ਵਿੱਚ ਆ ਜਾਵੇ। ਜਿਆਦਾ ਵਿਅਕਤੀ ਫਿਰ ਚੱਕਰ ਵਿੱਚ ਵਾਪਿਸ ਆ ਜਾਂਦੇ ਹਨ।

ਚੱਕਰ ਵਿੱਚ ਰਹਿਣ ਦੀ ਮੁਸੀਬਤ ਇਹ ਹੈ ਕਿ ਉਸ ਤਰਾਂ ਦੇ ਚੱਕਰਾਂ ਵਿੱਚ ਬਹੁਤ ਲੋਕ ਰਹਿੰਦੇ ਹੋਣ ਕਰਕੇ ਆਰਥਿਕ ਤਰੱਕੀ ਦੇ ਮੌਕੇ ਘਟ ਜਾਂਦੇ ਹਨ ਕਿਉਂਕਿ ਉਹ ਸਾਰੇ ਲੋਕਾਂ ਦੀਆਂ ਆਦਤਾਂ ਤੇ ਕੰਮ ਇਕੋ ਜਿਹੇ ਹੁੰਦੇ ਹਨ ਜਿਸ ਕਰਕੇ ਆਪਸ ਵਿੱਚ ਮੁਕਾਬਲਾ ਹੋ ਜਾਂਦਾ ਹੈ ਤੇ ਫਾਇਦਾ (margin) ਘਟ ਜਾਂਦਾ ਹੈ।

ਇਸ ਚੱਕਰ ਵਿੱਚ ਰਹਿਣ ਦੀ ਸਭ ਤੋਂ ਵੱਡੀ ਮੁਸੀਬਤ ਹੁੰਦੀ ਹੈ ਕਿ ਤੁਹਾਡੇ ਬਹੁਤੇ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਦੀ ਆਰਥਿਕ ਹਾਲਤ ਇਕੋ ਜਿਹੀ ਹੁੰਦੀ ਹੈ, ਤਕਰੀਬਨ

ਸੋਚ ਵੀ ਮਿਲਦੀ ਜੁਲਦੀ ਹੁੰਦੀ ਹੈ ਅਤੇ ਇਨ੍ਹਾਂ ਸਭ ਦੀਆਂ ਮੁਸੀਬਤਾਂ ਵੀ ਥੋੜ੍ਹੇ ਫਰਕ ਨਾਲ ਇਕੋ ਜਿਹੀਆਂ ਹੁੰਦੀਆਂ ਹਨ।

ਹੁਣ ਸੋਚ ਕੇ ਦੇਖੋ ਜੇ ਤੁਹਾਨੂੰ ਆਰਥਿਕ (financial) ਸਮੱਸਿਆ ਹੈ ਤੇ ਤੁਸੀਂ ਆਪਣੇ ਚੱਕਰ (circle) ਵਿਚੋਂ ਇਸ ਦਾ ਹੱਲ ਪੁੱਛਦੇ ਹੋ ਤਾਂ ਉਹ ਤੁਹਾਨੂੰ ਬਹੁਤ ਹਾਲਾਤਾਂ ਵਿੱਚ ਇਸ ਦਾ ਹੱਲ ਨਹੀਂ ਦੱਸ ਸਕਦੇ ਕਿਉਂਕਿ ਉਨ੍ਹਾਂ ਨੂੰ ਆਪ ਇਹੀ ਸਮੱਸਿਆ ਹੈ। ਉਦਾਹਰਣ ਦੇ ਤੌਰ ਤੇ ਜੇ ਤੁਸੀਂ ਕੋਈ ਬਿਜਨਸ ਕਰਨਾ ਚਾਹੁੰਦੇ ਹੋ ਤੇ ਤੁਸੀਂ ਆਪਣੇ ਚੱਕਰ (circle) ਵਿਚੋਂ ਕਿਸੇ ਦੀ ਸਲਾਹ ਲੈਂਦੇ ਹੋ। ਉਨ੍ਹਾਂ ਵਿਚੋਂ ਬਹੁਤੇ ਜੌਬਾਂ ਕਰਨ ਵਾਲੇ ਹੋਣ ਕਰਕੇ ਉਹ ਕਹਿਣਗੇ ਬਿਜਨਸ ਨਾਂ ਕਰੀਂ ਮਾਰਿਆ ਜਾਵੇਂਗਾ। ਉਹ ਤੁਹਾਨੂੰ ਇਹ ਸਲਾਹ ਮੁਫ਼ਤ ਦੇਣਗੇ ਜਿਸ ਵਿੱਚ ਉਨ੍ਹਾਂ ਦਾ ਕੋਈ ਤਜਰਬਾ ਨਹੀਂ ਹੁੰਦਾ ਪਰ ਇਹੋ ਜਿਹੀ ਮੁਫ਼ਤ ਦੀ ਸਲਾਹ ਤੁਹਾਨੂੰ ਸਭ ਤੋਂ ਮਹਿੰਗੀ ਸਾਬਤ ਹੁੰਦੀ ਹੈ ਕਿਉਂਕਿ ਤੁਸੀਂ ਹਰ ਵੇਲੇ ਮਿਲੇ ਮੌਕਿਆਂ ਤੋਂ ਵਾਂਝੇ ਰਹਿ ਜਾਂਦੇ ਹੋ।

ਇਸ ਕਰਕੇ ਜੇ ਤੁਸੀਂ ਆਪਣੇ ਚੱਕਰ ਦੇ ਲੋਕਾਂ ਤੋਂ ਵੱਧ ਕਾਮਯਾਬ ਹੋਣਾ ਚਾਹੁੰਦੇ ਹੋ ਤਾਂ ਮੁਫ਼ਤ ਦੀ ਸਲਾਹ ਲੈਣ ਦੀ ਬਜਾਏ ਚੱਕਰ ਤੋਂ ਬਾਹਰ ਵਾਲੇ ਲੋਕਾਂ ਦੀ ਸਲਾਹ ਲਈ ਜਾ ਸਕਦੀ ਹੈ ਜਿਨ੍ਹਾਂ ਨੇ ਉਸ ਤਰ੍ਹਾਂ ਦੇ ਕੰਮ ਆਪ ਕੀਤੇ ਹੋਣ।

ਅੰਗਰੇਜ਼ੀ ਵਿੱਚ ਕਹਾਵਤ ਹੈ `If you do what you have always done you will get what you have always got` ਜਿਸ ਦਾ ਮਤਲਬ ਹੈ ਕਿ ਜੇ ਤੁਸੀਂ ਉਹ ਕੁੱਝ ਕਰਦੇ ਰਹਿੰਦੇ ਹੋ ਜੋ ਪਹਿਲਾਂ ਕਰਦੇ ਸੀ ਤਾਂ ਤੁਸੀਂ ਉਹੀ ਪ੍ਰਾਪਤ ਕਰੋਗੇ ਜੋ ਪਹਿਲਾਂ ਪ੍ਰਾਪਤ ਕਰਦੇ ਸੀ।

ਨੋਟ :-ਵੱਖਰੇ ਨਤੀਜੇ ਲਿਆਉਣ ਲਈ ਵੱਖਰੇ ਕੰਮ ਕਰਨੇ ਪੈਂਦੇ ਹਨ। ਇਸ ਕਰਕੇ ਕਾਮਯਾਬੀ ਚੱਕਰ (circle) ਦੇ ਬਾਹਰ ਹੈ।

❖❖❖❖❖


KHURDPUR TAUN
4AVTAR

# 14

# ਕਾਰੋਬਾਰ (Business) ਵਿੱਚ 10% ਰਿਟਰਨ ਨੂੰ ਵਧੀਆ ਮੰਨਿਆ ਜਾਂਦਾ ਹੈ – ਆਓ ਦੇਖਦੇ ਹਾਂ ਕਿ ਮੈਂ ਕਿਵੇਂ ਨਿਊਜ਼ੀਲੈਂਡ ਵਿੱਚ ਇੱਕ ਸੌਦੇ ਨਾਲ 8500% ਰਿਟਰਨ ਪੈਦਾ ਕੀਤੀ

***"ਸੱਚ ਤੇ ਅਧਾਰਤ"***

ਬਹੁਤ ਲੋਕਾਂ ਦਾ ਮੰਨਣਾ ਹੈ ਕਿ ਵੱਧ ਪੈਸਾ ਕਮਾਉਣ ਲਈ ਵੱਧ ਪੜ੍ਹੇ ਲਿਖੇ ਹੋਣ ਦੀ ਲੋੜ ਪੈਂਦੀ ਹੈ। ਕਈ ਕਹਿੰਦੇ ਹਨ ਕਿ ਕਾਰੋਬਾਰ ਕਰਨ ਲਈ ਜਿਆਦਾ ਪੈਸਿਆਂ ਦੀ ਲੋੜ ਪੈਂਦੀ ਹੈ। ਕਈਆਂ ਦਾ ਮੰਨਣਾ ਹੈ ਕਿ ਪੈਸਾ ਹੀ ਪੈਸੇ ਨੂੰ ਖਿੱਚਦਾ ਹੈ। ਕਈਆਂ ਦਾ ਮੰਨਣਾ ਹੈ ਕਿ ਪੈਸਾ ਇਕੱਲਾ ਬੇਈਮਾਨੀ ਨਾਲ ਹੀ ਬਣਦਾ ਹੈ। ਇਹ ਸਾਰੀਆਂ ਗੱਲਾਂ ਸਭ ਨੇ ਸੁਣੀਆਂ ਹੋਣਗੀਆਂ ਤੇ ਉਸ ਵਿਚੋਂ ਵੱਡੀ ਗਿਣਤੀ ਨੇ ਇਨ੍ਹਾਂ ਗੱਲਾਂ ਤੇ ਯਕੀਨ ਵੀ ਕਰ ਲਿਆ ਹੋਵੇਗਾ। ਕਿਸੇ ਗੱਲ ਤੇ ਯਕੀਨ ਕਰਨ ਤੋਂ ਪਹਿਲਾਂ ਜਾਂ ਉਸ ਨੂੰ ਸੱਚ ਮੰਨਣ ਤੋਂ ਪਹਿਲਾਂ ਸਾਨੂੰ ਸਬੂਤਾਂ (Evidences/proofs) ਦੀ ਲੋੜ ਪੈਂਦੀ ਹੈ ਪਰ ਬਹੁਤ ਵੱਡੀ ਗਿਣਤੀ ਕਿਸੇ ਚੀਜ਼ ਨੂੰ ਮੰਨਣ ਤੋਂ ਪਹਿਲਾਂ ਸਬੂਤ ਲੱਭਣ ਦੀ ਕੋਸ਼ਿਸ਼ ਨਹੀਂ ਕਰਦੀ। ਨਤੀਜਾ ਇਹ ਹੁੰਦਾ ਹੈ ਕਿ ਅਸੀਂ ਸਾਰੀ ਉਮਰ ਗਲਤ ਜਾਣਕਾਰੀ ਲੈ ਕੇ ਹਨੇਰੇ ਵਿੱਚ ਘੁੰਮਦੇ ਰਹਿੰਦੇ ਹਾਂ।

ਹੁਣ ਇਸ ਤੋਂ ਵੀ ਅੱਗੇ ਨਜ਼ਰ ਮਾਰਦੇ ਹਾਂ ਕਿ ਜਿਹੜੇ ਬਜ਼ੁਰਗਾਂ ਨੇ ਪੈਸਾ ਬਣਾਉਣ ਸਬੰਧੀ ਉਪਰੋਕਤ ਗੱਲਾਂ ਸਾਨੂੰ ਦੱਸੀਆਂ ਉਨ੍ਹਾਂ ਨੂੰ ਇਹ ਗੱਲਾਂ ਕਿਸ ਨੇ ਦੱਸੀਆਂ ? ਉਨ੍ਹਾਂ ਤੋਂ ਪੁਛੋ ਤਾਂ ਉਹ ਕਹਿਣਗੇ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਬਜ਼ੁਰਗਾਂ ਨੇ ਦੱਸੀਆਂ। ਸਬੂਤ ਉਨ੍ਹਾਂ ਦੇ ਬਜ਼ੁਰਗਾਂ ਨੇ ਵੀ ਨਹੀਂ ਦੇਖਿਆ ਅਤੇ ਨਾਂ ਹੀ ਲੱਭਣ ਦੀ ਕੋਸ਼ਿਸ਼ ਕੀਤੀ ਕਿਉਂਕਿ ਵੱਡੀ ਗਿਣਤੀ ਵਿੱਚ ਪੰਜਾਬ ਦੇ ਬਜ਼ੁਰਗ ਅੱਜ ਤੋਂ 40 ਸਾਲ ਪਹਿਲਾਂ ਖੇਤਾਂ ਵਿੱਚ ਕੰਮ ਕਰਦੇ ਹੁੰਦੇ ਸੀ ਤੇ ਪੈਸਾ ਪੰਜਾਬ ਵਿੱਚ ਬਹੁਤ ਹੀ ਘੱਟ ਸੀ ਫਿਰ ਉਨ੍ਹਾਂ ਨੂੰ ਇਹ ਪੈਸੇ ਦਾ ਗਿਆਨ ਕਿਥੋਂ ਆਇਆ ?

ਜਿਸ ਤਰਾਂ ਪਹਿਲਾਂ ਵੀ ਆਰਟੀਕਲਾਂ ਵਿੱਚ ਦੱਸਿਆ ਗਿਆ ਕਿ ਮੇਰੇ ਤਰਕਸ਼ੀਲ ਵਿਚਾਰ ਹੋਣ ਕਰਕੇ ਮੈਂ ਛੋਟੀ ਉਮਰ ਤੋਂ ਹੀ ਹਰ ਚੀਜ਼ ਬਾਰੇ ਕੌਣ, ਕੀ, ਕਿਉਂ, ਕਿਦਾਂ, ਕਿੱਥੇ ਤੇ ਕਿਵੇਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਮੈਨੂੰ ਬਹੁਤ ਸਾਰੀਆਂ ਚੀਜ਼ਾਂ ਦੇ ਜਵਾਬ ਲੱਭਣੇ ਸ਼ੁਰੂ ਹੋ ਗਏ।

ਇਸੇ ਤਰ੍ਹਾਂ ਜਦੋਂ ਮੈਂ ਪੈਸੇ ਬਣਾਉਣ ਸਬੰਧੀ ਆਪਣੇ ਆਪ ਨੂੰ ਸਵਾਲ ਕਰਦਾ ਸੀ ਤਾਂ ਮੈਨੂੰ ਪਤਾ ਲੱਗ ਗਿਆ ਕਿ ਪੈਸਾ ਬਣਾਉਣ ਲਈ ਨਾਂ ਬਹੁਤੇ ਪੈਸੇ ਦੀ ਲੋੜ ਹੈ, ਨਾਂ ਬਹੁਤੀ ਪੜ੍ਹਾਈ ਦੀ ਲੋੜ ਹੈ ਅਤੇ ਨਾਂ ਹੀ ਪੈਸਾ ਪੈਸੇ ਨੂੰ ਖਿੱਚਦਾ ਹੈ।

ਗੱਲ 2003 ਦੇ ਕਰੀਬ ਦੀ ਹੈ ਜਦੋਂ ਮੈਂ ਘਰ ਖਰੀਦਣ ਤੇ ਵੇਚਣ ਦਾ ਕੰਮ ਕਰਦਾ ਸੀ ਜੋ ਕਿ ਮੇਰਾ ਆਪਣਾ ਕੰਮ ਸੀ। ਇਸ ਦੇ ਨਾਲ ਮੈਂ ਔਕਲੈਂਡ ਦੀ ਸਭ ਤੋਂ ਵੱਡੀ ਕੀਵੀ ਫਰੂਟ ਕੰਪਨੀ ਦਾ ਮੈਨੇਜਰ ਸੀ ਤੇ ਮੇਰੀ ਨਿਗਰਾਨੀ ਵਿੱਚ 80 ਤੋਂ 150 ਵਿਅਕਤੀ ਵੱਖ ਵੱਖ ਦੇਸ਼ਾਂ,ਧਰਮਾਂ, ਜਾਤਾਂ ਅਤੇ ਭਸ਼ਾਵਾਂ ਵਾਲੇ ਕੰਮ ਕਰਦੇ ਸਨ। ਮੈਂ ਦਸ ਪੜ੍ਹਿਆ ਹੋਇਆ ਸੀ, ਕਦੇ ਕਾਲਜ ਨਹੀਂ ਗਿਆ ਅਤੇ ਕੋਈ ਡਿਗਰੀ ਹਾਸਲ ਨਹੀਂ ਕੀਤੀ ਹੋਈ ਸੀ। ਭਾਰਤ ਵਿੱਚ ਰਹਿੰਦਿਆਂ ਮੈਨੂੰ ਕਈਆਂ ਨੇ ਅਨਪੜ੍ਹ ਗਵਾਰ ਵੀ ਕਿਹਾ ਹੋਵੇਗਾ ਜਦੋਂ ਮੈਂ ਪੜ੍ਹਿਆਂ ਲਿਖਿਆਂ ਅੱਗੇ ਆਪਣਾ ਕੰਮ ਕਰਵਾਉਣ ਲਈ ਕਤਾਰ (ਲਾਈਨ) ਵਿੱਚ ਲੱਗਿਆ ਹੋਵਾਂਗਾ। ਪਰ ਉਹ ਮੈਨੂੰ ਅਨਪੜ੍ਹ ਗਵਾਰ ਕਹਿ ਕੇ ਮੇਰਾ ਕੋਈ ਨੁਕਸਾਨ ਨਹੀਂ ਕਰ ਰਹੇ ਸੀ ਸਗੋਂ ਮੈਨੂੰ ਸੋਚਣ ਲਈ ਮਜ਼ਬੂਰ ਕਰ ਰਹੇ ਸੀ ਕਿ ਇਹ ਪੜ੍ਹੇ ਲਿਖੇ ਹੋਣ ਦੇ ਬਾਵਯੂਦ ਅਨਪੜ੍ਹ ਗਵਾਰ ਹਨ ਜੋ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਨਹੀਂ ਜਾਣਦੇ।

ਮੈਂ ਇੱਕ ਘਰ ਖਰੀਦਣ ਦਾ ਸੌਦਾ ਕਰਨ ਗਿਆ। ਚੀਨ ਦੇ ਵਿਅਕਤੀ ਦਾ ਘਰ ਸੀ ਜੋ ਵਿਕ ਨਹੀਂ ਰਿਹਾ ਸੀ। ਦੂਜੇ ਦਿਨ ਉਸ ਨੇ ਨਿਊਜ਼ੀਲੈਂਡ ਛੱਡ ਕੇ ਪੱਕੇ ਤੌਰ ਤੇ ਚੀਨ ਚਲੇ ਜਾਣਾ ਸੀ। ਮੈਂ ਸੋਚਿਆ ਕਿ ਘਰ ਸ਼ਾਇਦ ਥੋੜ੍ਹਾ ਸਸਤਾ ਮਿਲ ਜਾਵੇ। ਜਦੋਂ ਮੈਂ ਉਸ ਦੇ ਘਰ ਪਹੁੰਚਿਆ ਤਾਂ ਉਸ ਨੇ ਮੈਨੂੰ ਦੱਸਿਆ ਕਿ ਘਰ ਦਾ ਸੌਦਾ ਦੋ ਘੰਟੇ ਪਹਿਲਾਂ ਹੋ ਚੁੱਕਾ ਹੈ। ਮੈਂ ਉਸ ਨੂੰ ਪੁੱਛਿਆ ਕਿ ਘਰ ਵਿੱਚ ਕੋਈ ਹੋਰ ਚੀਜ਼ ਹੈ ਜੋ ਤੂੰ ਵੇਚਣੀ ਚਾਹੁੰਦਾ ਹੈਂ ? ਉਹ ਕਹਿੰਦਾ ਨਹੀਂ ਹੋਰ ਤਾਂ ਸਭ ਕੁੱਝ ਪਹਿਲਾਂ ਹੀ ਵੇਚ ਦਿੱਤਾ ਹੈ। ਮੈਂ ਕਿਹਾ ਫਿਰ ਵੀ ਨਿਗ੍ਹਾ ਮਾਰ ਲਾ। ਉਹ ਸੋਚ ਕੇ ਕਹਿਣ ਲੱਗਾ ਕਿ ਮੈਂ ਚੀਨ ਤੋਂ ਕੱਪੜੇ ਮੰਗਵਾ ਕੇ ਵੇਚਦਾ ਸੀ। ਮੇਰੇ ਕੋਲ ਪੰਜ ਹਜ਼ਾਰ ਰੇਨ ਕੋਟ ਤੇ ਪਜ਼ਾਮੇ ਹਨ ਜੋ ਆਪਸ ਵਿੱਚ ਜੁੜੇ ਹੁੰਦੇ ਹਨ। ਉਹ ਮੈਂ ਦੁਕਾਨਾਂ ਵਾਲਿਆਂ ਨੂੰ 15 ਡਾਲਰ ਪ੍ਰਤੀ ਰੇਨ ਕੋਟ ਵੇਚਦਾ ਹੁੰਦਾ ਸੀ। ਇਹ ਸਮਾਨ 75 ਹਜ਼ਾਰ ਡਾਲਰ ਦਾ ਹੈ। ਜੇ ਤੂੰ ਖਰੀਦਣਾ ਚਾਹੁੰਦਾ ਤਾਂ ਖਰੀਦ ਲੈ। ਮੈਂ ਉਸ ਨੂੰ ਕਿਹਾ ਕਿ ਜੇ ਇਹ ਕੱਲ੍ਹ ਤੱਕ ਨਾਂ ਵਿਕੇ ਤਾਂ ਤੈਨੂੰ ਘਰ ਖਾਲੀ ਕਰ ਕੇ ਦੇਣਾ ਪੈਣਾ ਹੈ ਤੇ ਤੈਨੂੰ ਕੋਲੋਂ ਪੈਸੇ

ਦੇ ਕੇ ਇਹ ਰੇਨ ਕੋਟ ਸੁਟਣੇ ਪੈਣੇ ਹਨ। ਇਸ ਕਰਕੇ ਇਨ੍ਹਾਂ ਦੀ ਕੀਮਤ 75,000 ਡਾਲਰ ਹੋਣ ਦੇ ਬਾਵਯੂਦ ਤੈਨੂੰ 800 ਡਾਲਰ ਦੇ ਕਰੀਬ ਖਰਚਾ ਪੈਣਾ ਹੈ। ਉਸ ਨੂੰ ਮੇਰੀ ਗੱਲ ਸਮਝ ਵੀ ਲੱਗ ਗਈ ਤੇ ਉਸ ਨੇ ਮੇਰੀ ਗੱਲ ਨਾਲ ਸਹਿਮਤੀ ਵੀ ਪ੍ਰਗਟਾਈ। ਮੈਂ ਉਸ ਨੂੰ ਕਿਹਾ ਕਿ ਮੇਰਾ ਕੰਮ ਤਾਂ ਘਰ ਖਰੀਦਣ ਜਾਂ ਵੇਚਣ ਦਾ ਹੈ ਇਸ ਕਰਕੇ ਰੇਨ ਕੋਟ ਤਾਂ ਮੇਰੇ ਕੰਮ ਦੇ ਨਹੀਂ। ਜੇ ਤੂੰ ਘਰ ਖਾਲੀ ਕਰਨਾ ਹੈ ਤਾਂ ਤੂੰ ਮੈਨੂੰ ਰੇਨ ਕੋਟ ਸੁੱਟਣ ਦਾ 400 ਡਾਲਰ ਦੇ ਦੇ ਤਾਂ ਮੈਂ ਰੇਨ ਕੋਟ ਲੈ ਜਾਂਦਾ ਹਾਂ ਤੇ ਤੇਰਾ ਨੁਕਸਾਨ ਘਟ ਜਾਵੇਗਾ। ਉਹ ਮੈਨੂੰ ਕਹਿੰਦਾ ਕਿ ਮਿਸਟਰ ਸਿੰਘ ਤੇਰਾ ਦਿਮਾਗ ਖਰਾਬ ਹੋ ਗਿਆ ? ਮੈਂ ਤੈਨੂੰ ਕਿਹਾ ਇਹ 75,000 ਡਾਲਰ ਦੇ ਹਨ ਤੇ ਤੂੰ ਪੈਸੇ ਮੇਰੇ ਕੋਲੋਂ ਮੰਗਦਾਂ ? ਮੈਂ ਕਿਹਾ ਇਹ 75,000 ਡਾਲਰ ਦੇ ਤਾਂ ਹਨ ਜੇ ਵਿਕ ਜਾਣ। ਹੁਣ ਇਹ ਤੇਰੀ ਆਮਦਨ ਨਹੀਂ ਖਰਚੇ ਦਾ ਕਾਰਨ ਬਣਨਗੇ। ਉਹ ਇਹ ਗੱਲ ਤਾਂ ਸਮਝ ਗਿਆ ਸੀ। ਗੱਲ ਕੀ ਸੌਦਾ ਕਰਦਿਆਂ ਉਹ ਸਾਰੇ 5,000 ਰੇਨ ਕੋਟ ਜਿਨ੍ਹਾਂ ਦੀ ਕੀਮਤ $75,000 ਬਣਦੀ ਸੀ ਮੈਂ ਆਪਣੇ ਕੋਲੋਂ 400 ਡਾਲਰ ਦੇ ਕੇ ਉਸ ਕੋਲੋਂ ਖਰੀਦ ਲਏ। ਇੱਕ ਹਫਤੇ ਵਿੱਚ ਮੈਂ ਉਹ ਰੇਨ ਕੋਟ ਸਿਰਫ ਸੱਤ ਡਾਲਰ ਪ੍ਰਤੀ ਰੇਨ ਕੋਟ ਦੇ ਹਿਸਾਬ ਨਾਲ ਵੇਚ ਦਿੱਤੇ। ਕੁੱਝ ਮੈਂ ਆਪਣੇ ਵਰਤਣ ਲਈ ਰੱਖ ਲਏ। ਜਿੰਨੇ ਰੇਨ ਕੋਟ ਵੇਚੇ ਉਨ੍ਹਾਂ ਤੋਂ ਕੁੱਲ ਆਮਦਨ 34,000 ਡਾਲਰ ਬਣੀ। ਇਹ ਖਰੀਦ ਉੱਪਰ 8500% ਰਿਟਰਨ ਬਣਦੀ ਹੈ।

❖❖❖❖❖


community
Property Investor,
man
Zealand 25 years
provided
Trust in
inviting
CREATIONS

**# 15**

# ਆਰਥਿਕ ਗੁਲਾਮੀ
# ਸਾਡਾ ਸਕੂਲ ਸਿਸਟਮ ਸਾਨੂੰ ਆਰਥਿਕ ਗੁਲਾਮੀ ਵੱਲ ਧੱਕਦਾ ਹੈ। ਰੱਬ ਵਿੱਚ ਯਕੀਨ ਵੀ ਇਸ ਵਿੱਚ ਸ਼ਾਮਿਲ

ਹਰ ਸਰਕਾਰ ਦਾ ਫਰਜ਼ ਹੁੰਦਾ ਹੈ ਕਿ ਆਪਣੇ ਦੇਸ਼ ਦੇ ਲੋਕਾਂ ਨੂੰ ਪੜ੍ਹਨ ਦੇ ਬਰਾਬਰ ਮੌਕੇ ਦੇਵੇ ਤੇ ਉਨ੍ਹਾਂ ਦੇ ਪੜ੍ਹਨ ਵਾਸਤੇ ਢੁਕਵੇਂ ਹਲਾਤ ਪੈਦਾ ਕਰੇ। ਭਾਰਤ ਨੂੰ ਅਜ਼ਾਦ ਹੋਇਆਂ 73 ਸਾਲ ਹੋ ਗਏ ਹਨ ਭਾਵੇਂ ਕਿ ਮੈਂ ਇਸ ਅਜ਼ਾਦੀ ਨੂੰ ਅਜ਼ਾਦੀ ਨਹੀਂ ਸਮਝਦਾ ਕਿਉਂਕਿ ਜਿਨ੍ਹਾਂ ਯੋਧਿਆਂ ਨੇ ਅਜ਼ਾਦੀ ਦੀ ਲੜ੍ਹਾਈ ਵਿੱਚ ਸ਼ਹੀਦੀਆਂ ਪ੍ਰਾਪਤ ਕੀਤੀਆਂ ਉਨ੍ਹਾਂ ਦਾ ਸਪਨਾ ਇਹੋ ਜਿਹੀ ਅਜ਼ਾਦੀ ਪ੍ਰਾਪਤ ਕਰਨ ਦਾ ਨਹੀਂ ਸੀ ਜਿਸ ਤਰ੍ਹਾਂ ਦੀ ਅਜ਼ਾਦੀ ਮਿਲੀ।

ਏਨੇ ਸਾਲਾਂ ਦੀ ਅਜ਼ਾਦੀ ਬਾਦ ਅੱਜ ਵੀ ਭਾਰਤ ਦੇ ਬਹੁਤ ਵੱਡੀ ਗਿਣਤੀ ਵਿੱਚ ਲੋਕ ਅਨਪੜ੍ਹ ਰਹਿ ਜਾਂਦੇ ਹਨ ਜਾਂ ਬਹੁਤ ਘੱਟ ਪੜ੍ਹ ਲਿਖ ਸਕਦੇ ਹਨ। ਕਈ ਬੱਚਿਆਂ ਦੇ ਘਰਦਿਆਂ ਕੋਲ ਪੜ੍ਹਾਉਣ ਵਾਸਤੇ ਪੈਸਾ ਨਹੀਂ ਹੈ, ਕਿਤਾਬਾਂ ਤੇ ਵਰਦੀਆਂ ਨਹੀਂ ਖਰੀਦ ਸਕਦੇ, ਕਈ ਸਕੂਲਾਂ ਵਿੱਚ ਅਧਿਆਪਕ ਨਹੀਂ, ਕਈ ਸਕੂਲਾਂ ਦੀਆਂ ਛੱਤਾਂ ਚੋਂਦੀਆਂ ਹਨ ਤੇ ਕਈਆਂ ਦੀਆਂ ਛੱਤਾਂ ਡਿਗ ਪੈਂਦੀਆਂ ਹਨ, ਕਈ ਬੱਚਿਆਂ ਦੇ ਘਰਦਿਆਂ ਨੂੰ ਗਰੀਬੀ ਕਾਰਨ ਆਪਣੇ ਬੱਚੇ ਨਾਂ ਚਾਹੁੰਦਿਆਂ ਹੋਇਆਂ ਵੀ ਦਿਹਾੜੀ ਕਰਨ ਲਗਾਉਣੇ ਪੈਂਦੇ ਹਨ। ਉਨ੍ਹਾਂ ਛੋਟੇ ਬੱਚਿਆਂ ਨੂੰ ਤੁਸੀਂ ਚਾਹ ਦੀਆਂ ਦੁਕਾਨਾਂ, ਢਾਬਿਆਂ, ਕਰਿਆਨੇ ਦੀਆਂ ਦੁਕਾਨਾਂ ਜਾਂ ਹੋਰ ਇਸ ਤਰ੍ਹਾਂ ਦੇ ਕਾਰੋਬਾਰਾਂ ਤੇ ਭਾਂਡੇ ਮਾਂਜਦੇ ਜਾਂ ਝਾੜੂ ਮਾਰਦੇ ਆਮ ਹੀ ਦੇਖ ਸਕਦੇ ਹੋ।

ਹੁਣ ਸਰਕਾਰ ਦੇ ਨਾਲ ਨਾਲ ਅਸੀਂ ਵੀ ਬਰਾਬਰ ਦੇ ਜ਼ਿੰਮੇਂਵਾਰ ਹਾਂ। ਸਾਡੇ ਵਿਚੋਂ ਜਿਨ੍ਹਾਂ ਦੇ ਹਲਾਤ ਭਾਰਤ ਵਿੱਚ ਰਹਿੰਦਿਆਂ ਠੀਕ ਹਨ ਜਾਂ ਸਾਡੇ ਵਿਚੋਂ ਜਿਹੜੇ ਵਿਦੇਸ਼ਾਂ ਵਿੱਚ ਚਲੇ

ਗਏ ਹਨ ਉਹਨਾਂ ਵਿਚੋਂ ਵੀ ਬਹੁਤੇ ਇਸ ਪਾਸੇ ਧਿਆਨ ਨਹੀਂ ਦਿੰਦੇ। ਉਹਨਾਂ ਵਿਚੋਂ ਕਈ ਏਨੇ ਸਵਾਰਥੀ ਹੋ ਗਏ ਹਨ ਕਿ ਉਨ੍ਹਾਂ ਨੂੰ ਦੂਜਿਆਂ ਦੇ ਮਸਲੇ ਮਸਲੇ ਹੀ ਨਹੀਂ ਲਗਦੇ ਜਾਂ ਏਨੇ ਗੰਭੀਰ ਨਹੀਂ ਲਗਦੇ। ਉਨ੍ਹਾਂ ਨੇ ਜੇ ਦਾਨ ਵੀ ਦੇਣਾ ਹੋਵੇ ਤਾਂ ਉਹ ਧਾਰਮਿਕ ਅਸਥਾਨਾਂ ਤੇ ਦਿੰਦੇ ਹਨ ਜਿਥੇ ਪੈਸਾ ਵਧ ਜਾਣ ਦੇ ਕਾਰਨ ਲੜਾਈਆਂ ਹੁੰਦੀਆਂ ਹਨ। ਉਨ੍ਹਾਂ ਧਾਰਮਿਕ ਅਸਥਾਨਾਂ ਤੋਂ ਲੋਕਾਂ ਨੂੰ ਇਹੀ ਦੱਸਿਆ ਜਾਂਦਾ ਹੈ ਕਿ ਰੱਬ ਗਰੀਬੀ ਦਾਵੇ ਮਿਲਦਾ ਹੈ ਜਾਂ ਜੋ ਕਿਸਮਤ ਵਿੱਚ ਲਿਖਿਆ ਉਹੀ ਮਿਲਦਾ ਹੈ ਜਾਂ ਮੱਥੇ ਦੀ ਲਿਖੀ ਨੂੰ ਕੋਈ ਨਹੀਂ ਮਿਟਾ ਸਕਦਾ ਜਾਂ ਇਹ ਪਿਛਲੇ ਕਰਮਾਂ ਦਾ ਫ਼ਲ ਹੈ। ਗਰੀਬ ਇਹ ਗੱਲਾਂ ਸੁਣ ਕੇ ਆਪਣੀ ਔਖੇ ਹੋ ਕੇ ਕੀਤੀ ਕਮਾਈ ਵਿਚੋਂ ਵੀ ਕੁੱਝ ਮਾਇਆ ਇਹ ਗੱਲਾਂ ਦੱਸਣ ਵਾਲਿਆਂ ਨੂੰ ਦੇ ਆਉਂਦੇ ਹਨ। ਗਰੀਬ ਇਹ ਵੀ ਨਹੀਂ ਸੋਚਦੇ ਕਿ ਜੇ ਰੱਬ ਗਰੀਬੀ ਦਾਵੇ ਮਿਲਦਾ ਹੈ ਤਾਂ ਅਸੀਂ ਇਹ ਪ੍ਰਚਾਰ ਕਰਨ ਵਾਲਿਆਂ ਨੂੰ ਪੈਸਾ ਦੇ ਕੇ ਰੱਬ ਤੋਂ ਦੂਰ ਕਿਉਂ ਕਰ ਰਹੇ ਹਾਂ ? ਦਾਨ ਦੇ ਰੂਪ ਵਿੱਚ ਪੈਸਾ ਲੈਣ ਵੇਲੇ ਪ੍ਰਚਾਰਕ ਵੀ ਨਹੀਂ ਕਹਿੰਦੇ ਕਿ ਸਾਨੂੰ ਪੈਸਾ ਨਾਂ ਦਿਓ ਇਸ ਨਾਲ ਅਸੀਂ ਰੱਬ ਤੋਂ ਦੂਰ ਹੋ ਜਾਵਾਂਗੇ।

ਹੁਣ ਉਨ੍ਹਾਂ ਦੀ ਗੱਲ ਕਰਦਾ ਹਾਂ ਕਿ ਜਿਹੜੇ ਸਕੂਲ ਚਲੇ ਜਾਂਦੇ ਹਨ ਜਾਂ ਚੰਗਾ ਪੜ੍ਹ ਲਿਖ ਜਾਂਦੇ ਹਨ ਉਨ੍ਹਾਂ ਵਿਚੋਂ ਬਹੁਤੇ ਆਰਥਿਕ ਤਰੱਕੀ ਨਹੀਂ ਕਰ ਪਾਉਂਦੇ। ਜਿਨ੍ਹਾਂ ਨੂੰ ਕੋਈ ਸਰਕਾਰੀ ਨੌਕਰੀ ਮਿਲ ਜਾਂਦੀ ਹੈ ਉਹ ਕੁੱਝ ਠੀਕ ਰਹਿ ਜਾਂਦੇ ਹਨ ਪਰ ਬਾਕੀਆਂ ਦੀ ਹਾਲਤ ਕੋਈ ਖਾਸ ਵਧੀਆ ਨਹੀਂ ਹੁੰਦੀ। ਇਸ ਤਰਾਂ ਕਿਉਂ ?

ਜਦੋਂ ਬੱਚਾ ਸਕੂਲ ਜਾਂਦਾ ਹੈ ਤਾਂ ਉਸ ਨੂੰ ਵੱਖ ਵੱਖ ਵਿਸ਼ੇ ਪੜ੍ਹਨੇ ਪੈਂਦੇ ਹਨ। ਜਿਸ ਤਰਾਂ ਜਮਾਤਾਂ ਵਿੱਚ ਉਹ ਅੱਗੇ ਵਧਦਾ ਜਾਂਦਾ ਹੈ ਉਸ ਤਰ੍ਹਾਂ ਵਿਸ਼ੇ ਵਧਦੇ ਜਾਂਦੇ ਹਨ। ਜਦੋਂ ਮੈਂ ਪੜ੍ਹਦਾ ਸੀ ਤਾਂ ਛੇਵੀਂ ਵਿੱਚ ਅੱਠ ਦੇ ਕਰੀਬ ਵਿਸ਼ੇ ਹੋ ਜਾਂਦੇ ਸੀ। ਕਈ ਵਾਰ ਕਿਤਾਬਾਂ ਵਾਲਾ ਝੋਲਾ (ਬੈਗ) ਵੀ ਚੁੱਕਣਾ ਔਖਾ ਹੋ ਜਾਂਦਾ ਸੀ ਕਿਉਂਕਿ ਆਮ ਕਿਤਾਬਾਂ ਦੇ ਨਾਲ ਨਾਲ ਗਾਈਡਾਂ ਵੀ ਚੁੱਕਣੀਆਂ ਪੈਂਦੀਆਂ ਸਨ। ਇਹ ਵਿਸ਼ੇ ਇਸ ਕਰਕੇ ਪੜ੍ਹਾਏ ਜਾਂਦੇ ਹਨ ਕਿ ਆਮ ਇਨਸਾਨ ਨੂੰ ਇਨ੍ਹਾਂ ਦੀ ਜ਼ਿੰਦਗੀ ਵਿੱਚ ਲੋੜ ਪੈਂਦੀ ਹੈ ਪਰ ਸਭ ਤੋਂ ਵੱਧ ਲੋੜ ਤਾਂ ਜ਼ਿੰਦਗੀ ਵਿੱਚ ਪੈਸੇ (Money) ਦੀ ਪੈਂਦੀ ਹੈ। ਫਿਰ ਪੈਸੇ ਦਾ ਵਿਸ਼ਾ ਸਕੂਲਾਂ ਵਿੱਚ ਸ਼ਾਮਿਲ ਕਿਉਂ ਨਹੀਂ ਕੀਤਾ ਜਾਂਦਾ ?


ਉਸ ਦਾ ਸਾਫ ਕਾਰਨ ਹੈ ਕਿ ਅਮੀਰ ਵੀ ਚਾਹੁੰਦੇ ਹਨ ਕਿ ਆਮ ਜਨਤਾ ਨੂੰ ਇਸ ਬਾਰੇ ਪਤਾ ਨਾਂ ਲੱਗੇ ਤੇ ਸਰਕਾਰਾਂ ਵੀ ਨਹੀਂ ਚਾਹੁੰਦੀਆਂ ਕਿ ਲੋਕਾਂ ਨੂੰ ਪੈਸੇ ਬਾਰੇ ਪਤਾ ਲੱਗੇ। ਸਕੂਲ ਵਿੱਚ ਸ਼ੁਰੂ ਤੋਂ ਹੀ ਸਿਖਾਇਆ ਜਾਂਦਾ ਹੈ ਕਿ ਵਧੀਆ ਨੰਬਰ ਲੈ ਕੇ ਪਾਸ ਹੋਵੋ ਤੇ ਤੁਹਾਨੂੰ ਵਾਈਟ ਕਾਲਰ (ਵਧੀਆ ਜੌਬ) ਮਿਲ ਜਾਵੇਗੀ। ਮਾਂ ਪਿਓ ਵੀ ਬੱਚੇ ਨੂੰ ਘਰੋਂ ਇਹੀ ਕਹਿ

ਕੇ ਤੋਰਦੇ ਹਨ ਕਿ ਚੰਗੀ ਤਰਾਂ ਪੜ੍ਹਾਈ ਕਰੀਂ। ਪੜ੍ਹ ਲਿਖ ਕੇ ਤੂੰ ਅਫਸਰ ਬਣ ਜਾਵੇਂਗਾ, ਤੇਰੇ ਕੋਲ ਕੋਠੀ ਹੋਵੇਗੀ ਤੇ ਕਾਰ ਹੋਵੇਗੀ।

ਜਿਸ ਬੱਚੇ ਨੂੰ ਘਰੋਂ ਤੇ ਸਕੂਲੋਂ ਹਰ ਰੋਜ਼ ਇਹੀ ਸਿੱਖਿਆ ਦਿੱਤੀ ਗਈ ਕਿ ਤੂੰ ਅਫਸਰ ਬਣ ਜਾਵੇਂਗਾ ਉਹ ਨੌਕਰੀ ਨਾਂ ਮਿਲਣ ਦੀ ਹਾਲਤ ਵਿੱਚ ਦਿਹਾੜੀ ਵੀ ਨਹੀਂ ਕਰਨੀ ਚਾਹੁੰਦਾ। ਇਸ ਤੋਂ ਵੀ ਅੱਗੇ ਇਹ ਕਿ ਜੇ ਹਰ ਪੜ੍ਹਿਆ ਲਿਖਿਆ ਨੌਕਰੀ (Job) ਲੱਭਣ ਲੱਗ ਪਵੇ ਤਾਂ ਨੌਕਰੀਆਂ ਪੈਦਾ ਕੌਣ ਕਰੇਗਾ ? ਸਰਕਾਰ ਤਾਂ ਇਸ ਪੱਖੋਂ ਬਹੁਤੀ ਕਾਮਯਾਬ ਨਹੀਂ। ਸਰਕਾਰ ਤੋਂ ਇਲਾਵਾ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਬਚਦੇ ਹਨ ਜੋ ਨੌਕਰੀਆਂ ਪੈਦਾ ਕਰਦੇ ਹਨ ਤੇ ਪੜ੍ਹਿਆਂ ਲਿਖਿਆਂ ਨੂੰ ਨੌਕਰੀਆਂ ਦਿੰਦੇ ਹਨ। ਮੈਂ ਬਹੁਤ ਸਾਰੇ ਦੁਨੀਆਂ ਦੇ ਪ੍ਰਸਿੱਧ ਕਾਰੋਬਾਰੀਆਂ ਨੂੰ ਜਾਣਦਾ ਹਾਂ ਤੇ ਉਨ੍ਹਾਂ ਨੂੰ ਮਿਲਿਆਂ ਵੀ ਹਾਂ ਜੋ ਪੜ੍ਹਿਆਂ ਲਿਖਿਆਂ ਨੂੰ ਨੌਕਰੀਆਂ ਦੇ ਰਹੇ ਹਨ ਭਾਵੇਂ ਕਿ ਉਹ ਖੁਦ ਪੜ੍ਹ ਨਹੀਂ ਸਕੇ ਜਾਂ ਘੱਟ ਪੜ੍ਹੇ ਸਨ। ਉਨ੍ਹਾਂ ਵਿਚੋਂ ਕਈਆਂ ਨੂੰ ਤਾਂ ਨਲਾਇਕ ਜਾਂ ਸ਼ਰਾਰਤੀ ਕਹਿ ਕੇ ਸਕੂਲਾਂ ਤੋਂ ਕੱਢ ਦਿੱਤਾ ਗਿਆ ਸੀ।

ਇਸ ਕਰਕੇ ਮਾਪਿਆਂ ਦਾ ਅਤੇ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਬੱਚਿਆਂ ਨੂੰ ਨੌਕਰੀਆਂ ਲੱਭਣ ਵਾਲੇ ਨਾਂ ਬਣਾਓ ਸਗੋਂ ਬੱਚਿਆਂ ਨੂੰ ਨੌਕਰੀਆਂ ਪੈਦਾ ਕਰਨ ਵਾਲੇ ਬਣਾਓ। ਗਰੀਬੀ ਆਪੇ ਖਤਮ ਹੋ ਜਾਊ।

❖❖❖❖❖



# 16

## ਕਰੋਨਾ ਵਾਇਰਸ ਦੇ ਫਾਇਦੇ

ਕਈ ਮਹੀਨਿਆਂ ਤੋਂ ਕਰੋਨਾ ਵਾਇਰਸ ਕਰਕੇ ਨੁਕਸਾਨ ਦੀਆਂ ਖ਼ਬਰਾਂ ਹਰ ਰੋਜ਼ ਦੇਖਣ ਨੂੰ ਮਿਲਦੀਆਂ ਹਨ। ਇਸ ਦੌਰਾਨ ਜੋ ਵੀ ਆਪ ਨੇ ਫਾਇਦੇ ਦੇਖੇ ਉਨ੍ਹਾਂ ਬਾਰੇ ਕਮੈਂਟ ਕਰਕੇ ਜਾਣਕਾਰੀ ਦਿਓ। ਹਰ ਇੱਕ ਦੇ ਕਮੈਂਟ ਦੀ ਲੋੜ ਹੈ ਭਾਵੇਂ ਕੋਈ ਫਾਇਦਾ ਦੋ ਵਾਰ ਗਿਣਿਆ ਜਾਵੇ। ਕੁੱਝ ਫਾਇਦੇ ਮੈਂ ਨਿਊਜ਼ੀਲੈਂਡ ਤੇ ਇੰਡੀਆ ਵਿੱਚ ਦੇਖੇ ਉਹ ਮੈਂ ਲਿਖ ਰਿਹਾਂ ਹਾਂ :-

- ਸੜਕਾਂ ਤੇ ਆਵਾਜਾਈ ਘਟਣ ਨਾਲ ਮੌਤਾਂ ਦੀ ਗਿਣਤੀ ਘਟੀ
- ਐਮਬੂਲੈਂਸਾਂ ਤੇ ਫਾਇਰ ਬ੍ਰਿਗੇਡ ਦੀ ਲੋੜ ਘਟੀ
- ਬਹੁਤੇ ਕਾਰੋਬਾਰ ਬੰਦ ਹੋਣ ਕਰਕੇ ਹੋਰ ਐਕਸੀਡੈਂਟ ਵੱਡੀ ਮਾਤਰਾ ਵਿੱਚ ਘਟੇ
- ਚੋਰੀਆਂ ਘਟੀਆਂ
- ਪੰਜਾਬ ਵਿੱਚ ਨਛੇ ਘਟੇ
- ਪੈਲਸਾਂ ਵਿੱਚ ਵਿਆਹ ਤੇ ਪਾਰਟੀਆਂ ਘਟਣ ਨਾਲ ਪੰਜਾਬੀਆਂ ਸਿਰ ਹੋਰ ਕਰਜ਼ਾ ਚੜ੍ਹਨੋਂ ਬਚਿਆ
- ਲੋਕਾਂ ਨੂੰ ਬਹੁਤ ਚਿਰ ਬਾਦ ਸਮਝ ਆਈ ਕਿ ਵਿਆਹ ਘੱਟ ਬਰਾਤੀਆਂ ਨਾਲ ਵੀ ਹੋ ਸਕਦਾ। ਖਾਸ ਤੌਰ ਤੇ ਫੁਫੜ ਤੋਂ ਵੀ ਬਿਨਾਂ
- ਪਲੂਸ਼ਨ ਘਟਣ ਨਾਲ ਵਾਤਾਵਰਣ ਸਾਫ ਹੋਇਆ ਜਿਸ ਨਾਲ ਸਾਹ ਨਾਲ ਸਬੰਧਤ ਬਿਮਾਰੀਆਂ ਘਟੀਆਂ
- ਭਾਰਤ ਵਿੱਚ ਪਹਿਲਾਂ ਵਾਂਗ ਨੀਲਾ ਅਸਮਾਨ ਦਿਸਿਆ ਤੇ ਪਹਾੜ ਦੂਰੋਂ ਦਿਸਣ ਲੱਗੇ
- ਨਹਿਰਾਂ ਤੇ ਨਦੀਆਂ ਸਾਫ ਹੋ ਗਈਆਂ ਕਿਉਂਕਿ ਲੋਕਾਂ ਨੂੰ ਟੂਣੇ ਕਰਨ ਦਾ ਸਮਾਂ ਨਹੀਂ ਲੱਗਾ
- ਗਲੋਬਲ ਵਾਰਮਿੰਗ ਦੇ ਖਤਰੇ ਵਿੱਚ ਘਾਟ ਆਈ

- ਪੰਜਾਬੀਆਂ ਵਿੱਚ ਆਪਸੀ ਸਾਂਝ ਹੋਰ ਮਜ਼ਬੂਤ ਹੋਈ
- ਜਾਤ ਪਾਤ ਦਾ ਫਰਕ ਘਟਿਆ
- ਭਾਰਤੀਆਂ ਵਿੱਚ ਸੂਟਾਂ ਦੇ ਖਰਚੇ ਤਕਰੀਬਨ ਬੰਦ ਦੇ ਲਾਗੇ ਹੋ ਗਏ
- ਘਰ ਵਾਲਿਆਂ ਨੇ ਸਦੀਆਂ ਬਾਦ ਸੁਖ ਦਾ ਸਾਹ ਲਿਆ ਕਿਉਂਕਿ ਪਤਨੀਆਂ ਖਾਣ ਤੋਂ ਬਿਨਾਂ ਕੁੱਝ ਮੰਗ ਹੀ ਨਹੀਂ ਰਹੀਆਂ
- ਘਰ ਵਿੱਚ ਪਈ ਵਿਹਲੀ ਥਾਂ ਵਿੱਚ ਬਹੁਤਿਆਂ ਨੇ ਸਬਜ਼ੀਆਂ ਤੇ ਪੌਦੇ ਲਾਏ। ਇਸ ਨਾਲ ਪੈਸੇ ਦੀ ਵੀ ਬੱਚਤ ਹੋਵੇਗੀ ਅਤੇ ਬਿਨਾਂ ਸਪਰੇ ਸਬਜ਼ੀ ਵੀ ਮਿਲੇਗੀ
- ਬਹੁਤਿਆਂ ਨੇ ਆਪਣੇ ਘਰਾਂ ਦੀ ਸਫਾਈ ਕੀਤੀ
- ਦਰੱਖਤਾਂ ਦੀ ਕਟਾਈ ਬੰਦ ਹੋ ਗਈ
- ਲੋਕਾਂ ਨੂੰ ਇਹ ਪਤਾ ਲੱਗਾ ਕਿ ਧਾਰਮਿਕ ਰਸਮਾਂ ਕੀਤੇ ਬਿਨਾਂ ਵੀ ਜਿੰਦਗੀ ਠੀਕ ਠਾਕ ਚੱਲਦੀ ਹੈ
- ਧਾਰਮਿਕ ਅਸਥਾਨਾਂ ਤੇ ਸੰਗਤ ਨਾਲ ਭਰੇ ਜਾਂਦੇ ਟਰੱਕਾਂ ਦੇ ਖੱਡਾਂ ਵਿੱਚ ਡਿਗਣ ਤੋਂ ਬਚਾ ਹੋਇਆ
- ਲੋਕਾਂ ਨੂੰ ਰੱਬ ਦੀ ਬਜਾਏ ਡਾਕਟਰਾਂ ਤੇ ਨਰਸਾਂ ਦਾ ਧੰਨਵਾਦ ਕਰਦੇ ਦੇਖਿਆ ਗਿਆ। ਭਾਵੇਂ ਭਾਰਤੀ ਇਸ ਗੱਲ ਨੂੰ ਬਹੁਤਾ ਚਿਰ ਯਾਦ ਨਾਂ ਰੱਖਣ। ਫਾਇਦਾ ਇਹ ਹੋਇਆ ਕਿ ਰੱਬ ਅੱਗੇ ਪੈਸੇ ਨਹੀਂ ਚਾੜ੍ਹਨੇ ਪਏ
- ਪੈਟ੍ਰੋਲ ਤੇ ਡੀਜ਼ਲ ਦੀ ਵਰਤੋਂ ਵਿੱਚ ਬਹੁਤ ਗਿਰਾਵਟ ਆਈ
- ਪੰਜਾਬ ਵਿੱਚ ਸਪੀਕਰਾਂ ਰਾਹੀਂ ਜੋ ਰੌਲਾ ਪੈਂਦਾ ਸੀ ਉਸ ਵਿੱਚ ਕਮੀਂ ਆਈ
- ਜੋਤਸ਼ੀਆਂ ਤੇ ਬਾਬਿਆਂ ਦੇ ਡੇਰੇ ਤੇ ਜਾਣ ਤੋਂ ਬਿਨਾਂ ਹੀ ਲੋਕਾਂ ਦਾ ਗੁਜ਼ਾਰਾ ਹੋ ਗਿਆ ਬਹੁਤੀਆਂ ਔਰਤਾਂ ਵਿੱਚ ਭੂਤ ਆਉਣੇ ਆਪੇ ਬੰਦ ਹੋ ਗਏ। ਇਸ ਨਾਲ ਪੈਸੇ ਦੀ ਬੱਚਤ ਹੋਈ
- ਬਲਾਤਕਾਰ ਦੀਆਂ ਘਟਨਾਵਾਂ ਨਾਂਹ ਦੇ ਬਰਾਬਰ ਹੋ ਗਈਆਂ। ਇਸ ਨੂੰ ਭਾਰਤ ਵਿੱਚ ਕੋਈ ਵੀ ਸਰਕਾਰ ਰੋਕ ਨਹੀਂ ਸਕੀ ਸੀ
- ਚੋਰੀਆਂ ਤਕਰੀਬਨ ਨਾਂਹ ਦੇ ਬਰਾਬਰ ਹੋ ਗਈਆਂ
- ਬੇਲੋੜੀ ਦੌੜ ਖ਼ਤਮ ਹੋਈ
- ਬਹੁਤ ਸਮੇਂ ਬਾਦ ਪਰਿਵਾਰਾਂ ਦੇ ਮੈਂਬਰ ਤੱਸਲੀ ਨਾਲ ਇਕੱਠੇ ਹੋ ਕੇ ਬੈਠੇ ਤੇ ਆਪਣਾਪਨ ਮਹਿਸੂਸ ਕੀਤਾ
- ਛੋਟੇ ਜੋਤਸ਼ੀਆਂ ਨੂੰ ਵੀ ਰਾਸ਼ਣ ਦੀ ਸਮੱਸਿਆ ਆ ਗਈ। ਇਸ ਤੋਂ ਲੋਕ ਸ਼ਾਇਦ ਸਮਝ ਜਾਣ ਕਿ ਜੇ ਜੋਤਸ਼ੀ ਆਪਣਾ ਮਸਲਾ ਹੱਲ ਨਹੀਂ ਕਰ ਸਕੇ ਤਾਂ ਦੂਜਿਆਂ ਦਾ ਕੀ ਹੱਲ ਕਰਨਗੇ।

❖❖❖❖❖


ਖੁਰਦਪੁਰ
KHURDPUR

# 17

## ਕੱਚੀ ਲੱਸੀ – ਮਿੰਨੀ ਕਹਾਣੀ

## *"ਸੱਚ ਤੇ ਅਧਾਰਤ"*

ਉਸ ਸਮੇਂ ਦੀ ਗੱਲ ਹੈ ਜਦੋਂ ਮੈਂ ਬਾਰਾਂ ਕੁ ਵਰ੍ਹਿਆਂ ਦਾ ਸੀ। ਸਾਡੇ ਪਿੰਡ ਖੁਰਦਪੁਰ ਤੋਂ ਥੋੜ੍ਹੀ ਦੂਰ ਸਾਡਾ ਇੱਕ ਖੇਤ ਸੀ ਜਿਸ ਦੇ ਬੰਨੇ ਤੇ ਇੱਕ ਟਾਹਲੀ ਤੇ ਇੱਕ ਬੇਰੀ ਇਕੱਠੇ ਉਗ ਕੇ ਵੱਡੇ ਦਰੱਖਤ ਬਣੇ ਹੋਏ ਸਨ। ਸਾਡਾ ਪਰਿਵਾਰ ਸ਼ੁਰੂ ਤੋਂ ਨੌਕਰੀ ਪੇਸ਼ੇ ਵਾਲਾ ਪਰਿਵਾਰ ਸੀ ਤੇ ਜ਼ਮੀਨ ਠੇਕੇ ਤੇ ਦਿੱਤੀ ਹੋਈ ਹੁੰਦੀ ਸੀ। ਫਿਰ ਪਰਿਵਾਰ ਨੇ ਸੋਚਿਆ ਕਿ ਦੋ ਕੁ ਸਾਲ ਨੌਕਰੀ ਦੇ ਨਾਲ ਖੇਤੀ ਕਰਕੇ ਦੇਖੀ ਜਾਵੇ। ਖੇਤੀ ਦਾ ਤਜਰਬਾ ਤਾਂ ਨਹੀਂ ਸੀ ਪਰ ਖੇਤੀ ਸ਼ੁਰੂ ਕਰ ਲਈ ਤੇ ਦੋ ਮੱਝਾਂ ਵੀ ਰੱਖ ਲਈਆਂ। ਇੱਕ ਪਾਸੇ ਆਪਣੇ ਰਹਿਣ ਵਾਲੇ ਕਮਰੇ ਸਨ ਤੇ ਦੂਜੇ ਪਾਸੇ ਪਸ਼ੂਆਂ ਦੇ ਰਹਿਣ ਵਾਲੇ ਕਮਰੇ ਸਨ। ਤੂੜੀ ਦਾ ਕੁੱਪ ਵੀ ਘਰ ਦੇ ਵਿਹੜੇ ਵਿੱਚ ਹੀ ਸੀ। ਖੇਤ ਨੂੰ ਜਾਣ ਵਾਸਤੇ ਪਿੰਡ ਫਤੇਪੁਰ ਵਿਚੀਂ ਜਾਣਾ ਪੈਂਦਾ ਸੀ ਜੋ ਕਿ ਸਾਡੇ ਪਿੰਡ ਦੇ ਨਾਲ ਹੀ ਲਗਦਾ ਸੀ। ਪਿੰਡੋਂ ਖੇਤ ਨੂੰ ਜਾਂਦਿਆਂ ਅੱਧੀ ਸੜ੍ਹਕ ਪੱਕੀ ਸੀ ਤੇ ਬਾਦ ਵਿੱਚ ਅੱਧਾ ਰਾਹ ਕੱਚਾ ਸੀ ਜਿਸ ਦੀ ਮਿੱਟੀ ਵੀ ਬਹੁਤ ਚੀਕਣੀ ਸੀ।

ਉਸ ਖੇਤ ਵਿਚਲੇ ਟਾਹਲੀ ਤੇ ਬੇਰੀ ਦੇ ਦਰੱਖਤ ਨੂੰ ਬੱਕਰੀਆਂ ਵਾਲੇ ਨੇ ਸਾਡੇ ਘਰਦਿਆਂ ਦੇ ਕਹਿਣ ਤੇ ਛਾਂਗ ਦਿੱਤਾ। ਉਸ ਤੋਂ ਕੁੱਝ ਚਿਰ ਬਾਦ ਸਾਡੇ ਘਰ ਮੱਝਾਂ ਦੀਆਂ ਖੁਰਲੀਆਂ ਵਿਚੋਂ ਤੇ ਤੂੜੀ ਵਾਲੇ ਕੁੱਪ ਵਿਚੋਂ ਸੱਪਾਂ ਦੇ ਬੱਚੇ ਨਿਕਲਣੇ ਸ਼ੁਰੂ ਹੋ ਗਏ। ਕਿਸੇ ਸਿਆਣੇ ਨੇ ਘਰਦਿਆਂ ਨੂੰ ਦੱਸਿਆ ਕਿ ਟਾਹਲੀ ਤੇ ਬੇਰੀ ਦੇ ਦਰੱਖਤ ਵਿੱਚ ਸੱਪਾਂ ਦੀ ਬਰਨੀ ਸੀ। ਤੁਸੀਂ ਦਰੱਖਤ ਛਾਂਗ ਦਿੱਤੇ ਤਾਂ ਸੱਪਾਂ ਦੇ ਬੱਚੇ ਨਿਕਲਣੇ ਸ਼ੁਰੂ ਹੋਏ ਹਨ। ਸਿਆਣੇ ਨੇ ਕਿਹਾ ਕਿ ਤੁਸੀਂ ਖੇਤ ਵਿੱਚ ਸੱਤ ਐਤਵਾਰ ਕੱਚੀ ਲੱਸੀ ਦਾ ਛਿੱਟਾ ਦਿਓ ਤੇ ਉਸ ਵਿਚੋਂ ਕੁੱਝ ਬਚਾ ਕੇ ਘਰ ਵਿੱਚ ਛਿੱਟਾ ਦਿਓ ਤਾਂ ਸੱਪਾਂ ਦੇ ਬੱਚੇ ਨਿਕਲਣੋਂ ਹਟਣਗੇ। ਕਦੇ ਕਦੇ ਇਸ ਕੰਮ ਵਾਸਤੇ ਮੇਰੀ ਡਿਊਟੀ ਲੱਗ ਜਾਂਦੀ ਸੀ। ਮੈਂ ਛਿੱਟਾ ਦੇਣ ਜਾਂਦੇ ਨੇ ਸੋਚੀ ਜਾਣਾ ਕਿ ਸਾਨੂੰ ਤਾਂ

ਪਤਾ ਹੀ ਨਹੀਂ ਸੀ ਕਿ ਉਥੇ ਸੱਪਾਂ ਦੀ ਬਰਨੀ ਹੈ। ਦੂਜੀ ਗੱਲ ਕਿ ਦਰੱਖਤ ਛਾਂਗਣ ਨਾਲ ਬਰਨੀ ਨੂੰ ਨੁਕਸਾਨ ਵੀ ਕੋਈ ਨਹੀਂ ਹੋਇਆ। ਤੀਜੀ ਗੱਲ ਕਿ ਅਸੀਂ ਦਰੱਖਤ ਵੀ ਖੁਦ ਨਹੀਂ ਛਾਂਗੇ ਫਿਰ ਸਾਡੇ ਘਰ ਸੱਪਾਂ ਦੇ ਬੱਚੇ ਕਿਉਂ ਨਿਕਲਦੇ ਹਨ ? ਮੈਨੂੰ ਲੱਗਾ ਕਿ ਸਿਆਣਾ ਝੂਠ ਬੋਲਦਾ ਹੈ। ਕਈ ਵਾਰ ਐਤਵਾਰ ਨੂੰ ਮੀਂਹ ਪੈਂਦਾ ਹੁੰਦਾ ਸੀ। ਇੱਕ ਉੱਪਰ ਲਈ ਹੋਈ ਚਾਦਰ ਸਾਂਭਣੀ ਔਖੀ ਹੋ ਜਾਣੀ, ਦੂਜਾ ਕੱਚੀ ਲੱਸੀ ਵਾਲਾ ਡੋਲੂ ਤੇ ਤੀਜਾ ਕੈਂਚੀ ਚੱਪਲਾਂ ਤਿਲਕਣ ਦਾ ਵੀ ਡਰ। ਮੈਂ ਜਿਥੇ ਤੱਕ ਪੱਕੀ ਸੜ੍ਹਕ ਸੀ ਉਥੇ ਤੱਕ ਜਾ ਕੇ ਅੱਧਾ ਡੋਲੂ ਕੱਚੀ ਲੱਸੀ ਦਾ ਰਾਹ ਵਿੱਚ ਡੋਲ੍ਹ ਦੇਣਾ ਤੇ ਅੱਧੇ ਦਾ ਘਰ ਆ ਕੇ ਛਿੱਟਾ ਦੇ ਦੇਣਾ। ਇਸ ਤਰ੍ਹਾਂ ਛੇ ਸੱਤ ਹਫਤਿਆਂ ਬਾਦ ਸੱਪਾਂ ਦੇ ਬੱਚੇ ਨਿਕਲਣੇ ਬੰਦ ਹੋ ਗਏ। ਘਰਦਿਆਂ ਨੂੰ ਲੱਗਾ ਕਿ ਇਹ ਕੱਚੀ ਲੱਸੀ ਦੇ ਛਿੱਟੇ ਨਾਲ ਠੀਕ ਹੋਏ ਹਨ ਪਰ ਮੈਨੂੰ ਪਤਾ ਸੀ ਕਿ ਕੱਚੀ ਲੱਸੀ ਤਾਂ ਮੈਂ ਰਾਹ ਵਿੱਚ ਡੋਲ੍ਹ ਆਉਂਦਾ ਸੀ। ਮੈਨੂੰ ਇਸ ਗੱਲ ਦਾ ਵੀ ਪਤਾ ਲੱਗ ਗਿਆ ਕਿ ਸੱਪਾਂ ਦੇ ਬੱਚੇ ਕੁੱਪ ਵਾਲੀ ਤੂੜੀ ਖ਼ਤਮ ਹੋਣ ਕਰਕੇ ਬੰਦ ਹੋਏ ਹਨ ਕੱਚੀ ਲੱਸੀ ਨਾਲ ਨਹੀਂ।

ਇਹ ਪਹਿਲੀ ਘਟਨਾ ਸੀ ਜਿਸ ਨੇ ਮੇਰਾ ਯਕੀਨ ਸਿਆਣਿਆਂ ਤੇ ਸਾਧਾਂ ਸੰਤਾਂ ਤੋਂ ਉਠਾਉਣਾ ਸ਼ੁਰੂ ਕਰ ਦਿੱਤਾ। ਅੱਜ ਮੈਂ ਸੋਚਦਾ ਹਾਂ ਕਿ ਇਹ ਮੇਰੀ ਜਿੰਦਗੀ ਦੀ ਇੱਕ ਵਧੀਆ ਘਟਨਾ ਸੀ।

❖❖❖❖❖



# 18

## ਕਰੋਨਾ ਵਾਇਰਸ ਦੇ ਕਾਰਨ ਪ੍ਰਾਰਥਨਾਵਾਂ, ਅਰਦਾਸਾਂ ਤੇ ਧਾਰਮਿਕ ਸਮਾਗਮ ਘਟੇ ਪਰ ਉਮਰਾਂ ਵਧੀਆਂ *"ਇੱਕ ਸੱਚ"*

ਜਦੋਂ ਕਿਸੇ ਮੁਲਕ ਵਿੱਚ ਔਸਤ ਉਮਰ ਦੇਖਣੀ ਹੋਵੇ ਤਾਂ ਉਸ ਮੁਲਕ ਵਿੱਚ ਹੋਈਆਂ ਹਰ ਤਰ੍ਹਾਂ ਦੀਆਂ ਮੌਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਮੈਂ ਭਾਰਤ ਨਾਲ ਲਾਗੇ ਤੋਂ ਜੁੜਿਆ ਹੋਇਆ ਹਾਂ ਇਸ ਕਰਕੇ ਭਾਰਤ ਵੱਲ ਜਦ ਦੇਖਦਾ ਹਾਂ ਤਾਂ ਹੋਰ ਮੌਤਾਂ ਤੋਂ ਇਲਾਵਾ ਮੋਟੇ ਤੌਰ ਹੇਠ ਲਿਖੀਆਂ ਮੌਤਾਂ ਸ਼ਾਮਿਲ ਹੁੰਦੀਆਂ ਹਨ :-

- ਕੁਦਰਤੀ ਮੌਤਾਂ (ਇਹ ਪਹਿਲਾਂ ਜਿੰਨੀਆਂ ਹੀ ਹਨ)
- ਸੜ੍ਹਕ ਹਾਦਸਿਆਂ ਨਾਲ ਮੌਤਾਂ (ਸੜਕਾਂ ਤੇ ਆਵਾਜਾਈ ਘੱਟ ਹੋਣ ਕਾਰਨ ਇਸ ਵਿੱਚ ਗਿਰਾਵਟ)
- ਧਾਰਮਿਕ ਅਸਥਾਨਾਂ ਜਾਂ ਸਮਾਗਮਾਂ ਤੇ ਜਾਂਦਿਆਂ ਟਰੱਕਾਂ, ਟਰਾਲੀਆਂ ਜਾਂ ਬੱਸਾਂ ਦੇ ਖੱਡਾਂ ਵਿੱਚ ਡਿਗਣ ਨਾਲ ਮੌਤਾਂ (ਧਾਰਮਿਕ ਅਸਥਾਨ ਬੰਦ ਹੋਣ ਨਾਲ ਇਹ ਮੌਤਾਂ ਬੰਦ ਹੋ ਗਈਆਂ)
- ਸਾਧਾਂ ਸੰਤਾਂ ਦੇ ਡੇਰਿਆਂ ਤੇ ਔਰਤਾਂ ਵਿੱਚ ਭੂਤ ਆਉਣ ਦਾ ਕਾਰਨ ਦੱਸ ਕੇ ਉਨ੍ਹਾਂ ਤੇ ਤਸ਼ੱਦਦ ਕਰਕੇ ਮੌਤ ਘਾਟ ਉਤਾਰਿਆ ਜਾਂਦਾ ਹੈ (ਡੇਰੇ ਬੰਦ ਹੋਣ ਨਾਲ ਇਹ ਮੌਤਾਂ ਬੰਦ ਹੋਈਆਂ)
- ਔਰਤਾਂ ਨਾਲ ਬਲਾਤਕਾਰ ਕਰਨ ਤੋਂ ਬਾਦ ਮੌਤ ਦੇ ਘਾਟ ਉਤਾਰਨ ਦੀਆਂ ਘਟਨਾਵਾਂ (ਇਹ ਵੀ ਕਰਫਿਊ ਕਾਰਨ ਬੰਦ ਹੋ ਗਈਆਂ ਜਾਂ ਨਾਂ ਦੇ ਬਰਾਬਰ ਹੋ ਗਈਆਂ)
- ਮੈਰਿਜ ਪੈਲੇਸਾਂ ਵਿੱਚ ਗੋਲੀਆਂ ਚੱਲਣ ਨਾਲ ਮੌਤਾਂ (ਪੈਲੇਸ ਬੰਦ ਹੋਣ ਨਾਲ ਇਹ ਮੌਤਾਂ ਬੰਦ ਹੋ ਗਈਆਂ)

- ਧੂਏਂ ਨਾਲ ਸਾਹ ਲੈਣ ਸਬੰਧੀ ਬਿਮਾਰੀਆਂ ਨਾਲ ਮੌਤਾਂ (ਧੂੰਆਂ ਬਿਲਕੁਲ ਘਟਣ ਨਾਲ ਇਹ ਮੌਤਾਂ ਵੀ ਬੰਦ ਹੋ ਗਈਆਂ)
- ਖੇਤਾਂ ਵਿੱਚ ਸਪਰੇ ਕਰਦਿਆਂ ਖਤਰਨਾਕ ਸਪਰੇਆਂ ਚੜ੍ਹਨ ਨਾਲ ਮੌਤਾਂ (ਕੰਮ ਬੰਦ ਹੋਣ ਕਾਰਨ ਇਹ ਵੀ ਤਕਰੀਬਨ ਬੰਦ ਹੋ ਗਈਆਂ)
- ਡਾਕਟਰਾਂ ਵਲੋਂ ਗਲਤ ਦਵਾਈਆਂ ਦੇਣ ਨਾਲ ਮੌਤਾਂ (ਬਹੁਤੇ ਲੋਕ ਦਵਾਈਆਂ ਲੈਣ ਹੀ ਨਹੀਂ ਗਏ ਇਸ ਕਰਕੇ ਇਨ੍ਹਾਂ ਮੌਤਾਂ ਵਿੱਚ ਵੀ ਭਾਰੀ ਗਿਰਾਵਟ ਆਈ)
- ਲੁੱਟ ਖੋਹ ਦੀਆਂ ਵਾਰਦਾਤਾਂ ਸਮੇਂ ਕਤਲ (ਕਰਫਿਊ ਕਰਕੇ ਇਹ ਮੌਤਾਂ ਵੀ ਬੰਦ ਹੋ ਗਈਆਂ)
- ਡਾਕਟਰਾਂ ਵਲੋਂ ਗਲਤ ਅਪਰੇਸ਼ਨ ਕਰਨ ਨਾਲ ਮੌਤਾਂ (ਬਹੁਤੇ ਲੋਕਾਂ ਦੇ ਅਪਰੇਸ਼ਨ ਨਾਂ ਕਰਾਉਣ ਨਾਲ ਮੌਤਾਂ ਦੀ ਗਿਣਤੀ ਘਟੀ)
- ਫੈਕਟਰੀਆਂ ਵਿੱਚ ਕੰਮ ਕਰਦਿਆਂ ਦੀਆਂ ਮੌਤਾਂ (ਫੈਕਟਰੀਆਂ ਬੰਦ ਹੋਣ ਨਾਲ ਇਹ ਮੌਤਾਂ ਵੀ ਬੰਦ ਹੋ ਗਈਆਂ)
- ਸ਼ਰਾਬ ਦੇ ਠੇਕੇ ਬੰਦ ਹੋਣ ਨਾਲ ਇਨ੍ਹਾਂ ਮੌਤਾਂ ਵਿੱਚ ਵੀ ਗਿਰਾਵਟ ਆਈ।

ਹੁਣ ਉੱਪਰ ਦਿਤੀਆਂ ਮੌਤਾਂ ਵੱਲ ਦੇਖਦੇ ਹਾਂ ਤਾਂ ਸਾਨੂੰ ਸਾਫ ਪਤਾ ਲਗਦਾ ਹੈ ਕਿ ਮੌਤਾਂ ਦੀ ਗਿਣਤੀ ਘਟਣ ਨਾਲ ਔਸਤ ਉਮਰ ਵਿੱਚ ਵਾਧਾ ਨਜ਼ਰ ਆਵੇਗਾ। ਜੇ ਮੇਰੀ ਗੱਲ ਤੇ ਯਕੀਨ ਨਾਂ ਆਵੇ ਤਾਂ ਪੰਜਾਬ ਦੀਆਂ ਸ਼ਮਸ਼ਾਨਘਾਟਾਂ ਵਿਚੋਂ ਪੁੱਛ ਲਵੋ ਕਿ ਮਹੀਨੇ ਵਿੱਚ ਪਹਿਲਾਂ ਕਿੰਨੀਆਂ ਲਾਸ਼ਾਂ ਉਥੇ ਆਉਂਦੀਆਂ ਸੀ ਤੇ ਹੁਣ ਕਿੰਨੀਆਂ ਆਉਂਦੀਆਂ ਹਨ ? ਤੁਸੀਂ ਹੈਰਾਨ ਹੋਵੋਗੇ ਕਿ ਕਰੋਨਾ ਵਾਇਰਸ ਵਾਲੀਆਂ ਮੌਤਾਂ ਪਾ ਕੇ ਵੀ ਗਿਣਤੀ ਅੱਧੀ ਦੇ ਕਰੀਬ ਹੋਵੇਗੀ।

ਅਸੀਂ ਪ੍ਰਾਰਥਨਾਵਾਂ/ਅਰਦਾਸਾਂ ਜਾਂ ਧਾਰਮਿਕ ਰਸਮਾਂ ਜਿਆਦਾ ਲੋਕਾਂ ਮੁਤਾਬਕ ਆਪਣੀ ਤੰਦਰੁਸਤੀ ਤੇ ਲੰਮੀ ਉਮਰ ਲਈ ਕਰਦੇ ਹਾਂ। ਇਨ੍ਹਾਂ ਰਸਮਾਂ ਦੇ ਕਰਨ ਵੇਲੇ ਲੋਕਾਂ ਦੀ ਉਮਰ ਘੱਟ ਸੀ ਪਰ ਇਹ ਰਸਮਾਂ ਘਟਣ ਦੇ ਨਾਲ ਉਮਰ ਵਧ ਗਈ। ਇਸ ਦੇ ਨਾਲ ਇੱਕ ਗੱਲ ਹੋਰ ਕਿ ਜਦੋਂ ਇਹ ਰਸਮਾਂ ਫਿਰ ਸ਼ੁਰੂ ਹੋਣਗੀਆਂ ਮੌਤਾਂ ਦੀ ਗਿਣਤੀ ਫਿਰ ਪਹਿਲਾਂ ਵਾਂਗ ਵਧੂ।

ਕਿਤੇ ਏਦਾਂ ਤਾਂ ਨਹੀਂ ਕਿ ਇਨ੍ਹਾਂ ਸਭ ਧਾਰਮਿਕ ਰਸਮਾਂ ਦਾ ਇਨਸਾਨ ਨੂੰ ਕੋਈ ਫਾਇਦਾ ਹੀ ਨਾਂ ਹੋਵੇ ਜਾਂ ਇਨਸਾਨਾਂ ਦੀ ਇਹ ਪੁਕਾਰ ਕਿਤੇ ਪਹੁੰਚਦੀ ਹੀ ਨਾਂ ਹੋਵੇ। ਇਹ ਖੋਜ ਕਰਨੀ ਤੇ ਇਸ ਪ੍ਰਤੀ ਸੋਚਣਾ ਸਭ ਦਾ ਆਪੋ ਆਪਣਾ ਫਰਜ਼ ਵੀ ਹੈ ਤੇ ਜਿੰਮੇਂਵਾਰੀ ਵੀ ਹੈ।

ਨਾਲ ਹੀ ਇਹ ਵੀ ਸੋਚਣ ਦਾ ਵਿਸ਼ਾ ਹੈ ਕਿ ਕਰੋਨਾ ਵਾਇਰਸ ਤੋਂ ਮੁਕਤੀ ਹੋਣ ਤੋਂ ਬਾਦ

ਸ਼ੁਕਰੀਆ ਰੱਬ ਦਾ ਅਦਾ ਕਰਨਾਂ ਹੈ ਜਾਂ ਡਾਕਟਰਾਂ ਤੇ ਨਰਸਾਂ ਦਾ ਜਿਨ੍ਹਾਂ ਨੇ ਆਪਣੇ ਬੱਚਿਆਂ ਤੇ ਪਰਿਵਾਰਾਂ ਦੀ ਜਾਨ ਨੂੰ ਖਤਰੇ ਵਿੱਚ ਪਾ ਕੇ ਆਪਾਂ ਸਭ ਨੂੰ ਬਚਾਇਆ।

❖❖❖❖❖



# 19

## ਦਿਮਾਗ ਦੀ ਵਰਤੋਂ ਕਿਉਂ ਜਰੂਰੀ

ਮਨੁੱਖੀ ਸਰੀਰ ਦੇ ਕਈ ਵੱਖ ਵੱਖ ਅੰਗ ਹਨ। ਸਾਰੇ ਅੰਗਾਂ ਦੀ ਆਪੋ ਆਪਣੀ ਅਹਿਮੀਅਤ ਹੈ। ਇਹ ਸਾਰੇ ਅੰਗ ਸਰੀਰ ਵਿੱਚ ਵਰਤਣ ਵਾਸਤੇ ਹਨ। ਇਨ੍ਹਾਂ ਅੰਗਾਂ ਵਾਸਤੇ ਪੋਸ਼ਟਿਕ ਭੋਜਨ ਤੇ ਕਸਰਤ ਦੀ ਲੋੜ ਹੁੰਦੀ ਹੈ ਤਾਂ ਕਿ ਇਹ ਵਧੀਆ ਤਰੀਕੇ ਨਾਲ ਕੰਮ ਕਰ ਸਕਣ। ਅਸੀਂ ਆਪਣੇ ਹਰ ਰੋਜ਼ ਦੇ ਕੰਮਾਂ ਕਾਰਾਂ ਵਿੱਚ ਇਨ੍ਹਾਂ ਅੰਗਾਂ ਨੂੰ ਵਰਤਦੇ ਹਾਂ ਜਿਸ ਨਾਲ ਅੰਗਾਂ ਦੀ ਕਸਰਤ ਹੁੰਦੀ ਰਹਿੰਦੀ ਹੈ। ਕਈ ਵਿਅਕਤੀਆਂ ਦਾ ਕੰਮ ਕਾਰ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਕੁੱਝ ਅੰਗ ਘੱਟ ਵਰਤੇ ਜਾਂਦੇ ਹਨ। ਇਸ ਕਰਕੇ ਲੋਕ ਸੜ੍ਹਕ ਤੇ ਸੈਰ ਕਰਨ ਜਾਂਦੇ ਹਨ, ਦੌੜਦੇ ਹਨ ਜਾਂ ਜਿਮ ਵਿੱਚ ਜਾਂਦੇ ਹਨ ਤਾਂ ਕਿ ਹਰ ਅੰਗ ਦੀ ਕਸਰਤ ਹੋ ਸਕੇ।

ਇਥੇ ਇਸ ਗੱਲ ਦੀ ਸਾਂਝ ਪਾਉਣੀ ਚਾਹਾਂਗਾ ਕਿ ਸਰੀਰ ਦਾ ਜਿਹੜਾ ਅੰਗ ਵਰਤੋਂ ਵਿੱਚ ਘੱਟ ਲਿਆਂਦਾ ਜਾਵੇ ਉਹ ਕਮਜ਼ੋਰ ਹੋਣ ਲਗਦਾ ਹੈ ਜਾਂ ਰੋਗੀ ਹੋ ਜਾਂਦਾ ਹੈ। ਜਿਸ ਤਰ੍ਹਾਂ ਜੇਕਰ ਤੁਸੀਂ ਦਫ਼ਤਰ ਵਿੱਚ ਬੈਠਣ ਦਾ ਕੰਮ ਕਰਦੇ ਹੋ ਤਾਂ ਤੁਹਾਡੇ ਦਿਲ ਦੀ ਸਾਹ ਨਾਂ ਚੜ੍ਹਨ ਕਰਕੇ ਕਸਰਤ ਨਹੀਂ ਹੁੰਦੀ। ਨਤੀਜਾ ਹੁੰਦਾ ਹੈ ਕਿ ਤੁਹਾਡਾ ਭਾਰ ਵੀ ਵਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਹੋਰ ਦਿਲ ਨਾਲ ਸਬੰਧਤ ਬਿਮਾਰੀਆਂ ਵੀ ਘੇਰਨਾ ਸ਼ੁਰੂ ਕਰ ਦਿੰਦੀਆਂ ਹਨ ਜਿਸ ਤਰਾਂ ਹਾਈ ਕਲੈਸਟ੍ਰਲ, ਸ਼ੂਗਰ, ਬਲੱਡ ਪ੍ਰੈਸ਼ਰ, ਹਾਰਟ ਅਟੈਕ ਤੇ ਗੁਰਦਿਆਂ ਦੀ ਬਿਮਾਰੀ ਆਦਿ।

ਜਿਹੜੇ ਲੋਕਾਂ ਦਾ ਕੰਮ ਹਰ ਰੋਜ਼ ਕਾਰ ਚਲਾਉਣਾ ਹੁੰਦਾ ਹੈ। ਜੇਕਰ ਉਹ ਪੰਦਰਾਂ ਵੀਹ ਸਾਲ ਆਟੋਮੈਟਿਕ ਕਾਰ ਚਲਾਉਂਦੇ ਰਹਿਣ ਤੇ ਹੋਰ ਕਸਰਤ ਨਾਂ ਕਰਨ ਤਾਂ ਉਨ੍ਹਾਂ ਦੀ ਖੱਬੀ ਲੱਤ ਕਮਜ਼ੋਰ ਹੋਣ ਲਗਦੀ ਹੈ ਕਿਉਂਕਿ ਉਹ ਵਰਤੋਂ ਵਿੱਚ ਨਹੀਂ ਆਉਂਦੀ। ਦਿਮਾਗ ਇੱਕ ਐਸਾ ਅੰਗ ਹੈ ਜੋ ਸੋਚਣ ਦੇ ਕੰਮ ਆਉਂਦਾ ਹੈ। ਇਸ ਦੀ ਵਧੀਆ ਕਸਰਤ ਵੀ ਇਹੀ ਹੈ ਪਰ

ਫਿਰ ਵੀ ਬਹੁਤ ਵੱਡੀ ਗਿਣਤੀ ਵਿੱਚ ਲੋਕ ਇਸ ਦੀ ਵਰਤੋਂ ਨਹੀਂ ਕਰਦੇ ਜਾਂ ਬਹੁਤ ਘੱਟ ਕਰਦੇ ਹਨ। ਕਈ ਵਾਰ ਕੁੱਝ ਲੋਕ ਕਹਿੰਦੇ ਸੁਣਦੇ ਹਨ ਕਿ ਫਲਾਣੇ ਦਾ ਦਿਮਾਗ ਬਹੁਤ ਹੈ ਜਾਂ ਦਿਮਾਗ ਬਹੁਤ ਚੱਲਦਾ ਹੈ। ਵਿਗਿਆਨਕ ਤੌਰ ਤੇ ਦੇਖੀਏ ਤਾਂ ਕੁਦਰਤ ਵਲੋਂ ਦਿਮਾਗ ਸਭ ਦਾ ਇਕੋ ਜਿਹਾ ਹੀ ਹੁੰਦਾ ਹੈ। ਦਿਮਾਗ ਵੱਧ ਚਲਾਉਣਾ ਹੈ ਤਾਂ ਉਸ ਨੂੰ ਵੱਧ ਵਰਤਣ ਦੀ ਲੋੜ ਹੁੰਦੀ ਹੈ ਜਿਸ ਤਰ੍ਹਾਂ ਬਾਕੀ ਅੰਗਾਂ ਨੂੰ ਤੰਦਰੁਸਤ ਰੱਖਣ ਲਈ ਵੱਧ ਵਰਤਣ ਦੀ ਲੋੜ ਹੁੰਦੀ ਹੈ।

ਕਿਉਂਕਿ ਦਿਮਾਗ ਦਾ ਕੰਮ ਸੋਚਣਾ ਹੁੰਦਾ ਹੈ। ਇਸ ਕਰਕੇ ਇਸ ਦੀ ਵੱਧ ਕਸਰਤ ਕਰਾਉਣ ਲਈ ਇਸ ਨੂੰ ਵੱਧ ਸੋਚਣ ਦਾ ਕੰਮ ਦਿੱਤੇ ਜਾਣ ਦੀ ਲੋੜ ਹੁੰਦੀ ਹੈ ਭਾਵ ਕਿ ਜਿੰਦਗੀ ਦੇ ਜਾਂ ਸਮਾਜ ਦੇ ਕਿਸੇ ਵੀ ਮਸਲੇ ਵਾਰੇ ਦਿਮਾਗ ਨੂੰ ਸਵਾਲ ਪੁੱਛੇ ਜਾਣ ਜਿਸ ਤਰਾਂ ਕੀ ਹੋਇਆ ? ਕਿੱਥੇ ਹੋਇਆ ? ਕਿਉਂ ਹੋਇਆ ? ਕਿਸ ਨੇ ਕੀਤਾ ? ਕਿਵੇਂ ਕੀਤਾ ? ਇਸ ਤੋਂ ਬਾਦ ਦਿਮਾਗ ਤੋਂ ਮਸਲੇ ਦਾ ਹੱਲ ਪੁਛੋ ਕਿ ਕਿਸ ਤਰ੍ਹਾਂ ਮਸਲਾ ਹੱਲ ਹੋ ਸਕਦਾ ਹੈ ? ਫਿਰ ਦਿਮਾਗ ਹੱਲ ਲੱਭਣ ਵੱਲ ਤੁਰੇਗਾ। ਇਸ ਤਰ੍ਹਾਂ ਦਿਮਾਗ ਵਧੀਆ ਤਰੀਕੇ ਨਾਲ ਕੰਮ ਕਰੇਗਾ।

ਜਿਹੜੇ ਲੋਕ ਵਿਗਿਆਨਕ ਨਜ਼ਰੀਏ ਵਾਲੇ ਹਨ ਉਹ ਤਾਂ ਇਸ ਤਰ੍ਹਾਂ ਹੀ ਕਰਦੇ ਹਨ। ਰੱਬ ਜਾਂ ਕਿਸਮਤ ਤੇ ਯਕੀਨ ਰੱਖਣ ਵਾਲੇ ਜਿਆਦਾ ਲੋਕ ਇਹ ਪ੍ਰਸ਼ਨ ਕਰਨ ਤੋਂ ਪਿੱਛੇ ਰਹਿ ਜਾਂਦੇ ਹਨ ਜਿਵੇਂ ਜੇ ਕੋਈ ਇਨ੍ਹਾਂ ਨੂੰ ਕਹੇ ਕਿ ਬਈ ਤੂੰ ਨਵਾਂ ਕੰਮ ਖੋਲਿਆ ਹੁਣ ਦੱਬ ਕੇ ਕੰਮ ਕਰੀਂ ਤਾਂ ਕਿ ਚਾਰ ਪੈਸੇ ਕਮਾ ਹੋ ਜਾਣ ਤਾਂ ਉਹ ਅੱਗੋਂ ਜਵਾਬ ਦਿੰਦਾ ਹੈ ਚਲੋ ਜੇ ਕਿਸਮਤ ਵਿੱਚ ਹੋਇਆ ਤਾਂ ਕਮਾ ਹੋ ਜਾਣਗੇ। ਹੁਣ ਉਸ ਨੇ ਆਪਣੇ ਦਿਮਾਗ ਤੇ ਜੋਰ ਨਹੀਂ ਦਿੱਤਾ ਕਿ ਕੰਮ ਕਿਸ ਤਰਾਂ ਵਧੀਆ ਚੱਲੇਗਾ। ਸਭ ਕੁੱਝ ਕਿਸਮਤ ਤੇ ਸੁੱਟ ਦਿੱਤਾ। ਇਸੇ ਤਰਾਂ ਜੇ ਬਿਮਾਰ ਬੰਦੇ ਨੂੰ ਕਹੋ ਬਈ ਤੂੰ ਆਪਣਾ ਖਿਆਲ ਰੱਖੀਂ ਜਿਸ ਤਰ੍ਹਾਂ ਡਾਕਟਰ ਨੇ ਕਿਹਾ ਉਸ ਤਰ੍ਹਾਂ ਦਵਾਈ ਖਾਵੀਂ ਤਾਂ ਕਿ ਛੇਤੀਂ ਠੀਕ ਹੋ ਜਾਵੇਂ। ਉਹ ਅੱਗੋਂ ਕਹਿੰਦਾ ਜੇ ਵਧੀ ਹੋਈ ਤਾਂ ਬਚ ਹੀ ਜਾਵਾਂਗਾ ਜਿੰਨੇ ਸਾਹ ਉੱਪਰ ਵਾਲੇ ਨੇ ਲਿਖੇ ਹਨ ਉਨ੍ਹਾਂ ਨੂੰ ਕੋਈ ਘੱਟ ਨਹੀਂ ਕਰ ਸਕਦਾ। ਉਸ ਨੇ ਫਿਰ ਦਿਮਾਗ ਤੇ ਜੋਰ ਨਹੀਂ ਦਿੱਤਾ। ਜੇ ਉਨ੍ਹਾਂ ਨੂੰ ਪੁਛੋ ਕਿ ਤੂੰ ਇਹ ਧਾਰਮਿਕ ਰਸਮ ਕਿਉਂ ਕਰ ਰਿਹਾਂ ਹੈਂ ? ਉਹ ਦਿਮਾਗ ਨਾਲ ਸੋਚੇ ਬਿਨਾਂ ਕਹਿੰਦਾ ਹੈ ਕਿ ਸਾਡੇ ਵੱਡੇ ਵਡੇਰੇ ਸੈਂਕੜੇ ਸਾਲਾਂ ਤੋਂ ਇਸ ਤਰਾਂ ਕਰਦੇ ਸੀ ਤਾਂ ਕਰ ਰਿਹਾਂ ਹਾਂ। ਹੁਣ ਜੇ ਵੱਡੇ ਵਡੇਰੇ ਵੀ ਰਸਮ ਕਰਦੇ ਰਹੇ ਹੋਣ ਤਾਂ ਫਿਰ ਵੀ ਦਿਮਾਗ ਵਰਤਣ ਵਿੱਚ ਕੀ ਹਰਜ਼ ਹੈ ? ਫਿਰ ਜੇਕਰ ਉਨ੍ਹਾਂ ਨੂੰ ਕੋਈ ਥੋੜ੍ਹਾ ਵੀ ਮਸਲਾ ਆਉਂਦਾ ਹੈ ਤਾਂ ਉਹ ਮਸਲੇ ਦੇ ਹੱਲ ਲਈ ਰੱਬ ਅੱਗੇ ਫਰਿਆਦ ਕਰਦਾ ਹੈ ਪਰ ਲੋੜ ਹੈ ਕਿ ਮਸਲੇ ਦੇ ਹੱਲ ਵਾਸਤੇ ਦਿਮਾਗ ਦੀ ਡਿਊਟੀ ਲਾਈ ਜਾਵੇ ਕਿਉਂਕਿ ਇਹ ਦਿਮਾਗ ਦਾ ਕੰਮ ਹੈ। ਇਸ ਤਰ੍ਹਾਂ ਦੀਆਂ ਹੋਰ

ਬਹੁਤ ਉਦਾਹਰਣਾਂ ਹਨ ਜਿਨ੍ਹਾਂ ਕਰਕੇ ਅਸੀਂ ਦਿਮਾਗ ਨੂੰ ਸੋਚਣ ਦਾ ਕੰਮ ਨਹੀਂ ਦਿੰਦੇ ਜੋ ਕਿ ਖਤਰਨਾਕ ਹੈ।

ਇਸ ਕਰਕੇ ਜੇਕਰ ਦਿਮਾਗ ਨੂੰ ਤੰਦਰੁਸਤ ਰੱਖਣਾ ਹੈ ਜਾਂ ਦਿਮਾਗ ਦੀ ਕਸਰਤ ਕਰਾਉਣੀ ਹੈ ਤਾਂ ਸਾਨੂੰ ਹਰ ਗੱਲ ਤਰਕ ਦੀ ਕਸੌਟੀ ਤੇ ਪਰਖਣ ਦੀ ਲੋੜ ਹੈ ਤੇ ਹਰ ਗੱਲ ਤੇ ਸਵਾਲ ਕਰਨ ਦੀ ਲੋੜ ਹੈ ਤਾਂ ਕਿ ਸਾਡਾ ਦਿਮਾਗ ਵੀ ਤੰਦਰੁਸਤ ਰਹਿ ਸਕੇ ਤੇ ਸਮਾਜ ਵੀ

❖❖❖❖❖


PREVENTION
IS BETTER THAN
CURE

# 20

## ਇਲਾਜ ਨਾਲੋਂ ਪਰਹੇਜ਼ ਚੰਗਾ

ਇਸ ਕਹਾਵਤ ਦਾ ਮਤਲਬ ਹੈ ਇਲਾਜ ਕਰਾਉਣ ਨਾਲੋਂ ਪ੍ਰਹੇਜ ਕਰ ਲਿਆ ਜਾਵੇ ਤਾਂ ਚੰਗਾ ਹੈ।

ਇਹ ਕਹਾਵਤ ਤਾਂ ਤਕਰੀਬਨ ਸਭ ਨੇ ਸੁਣੀ ਹੋਵੇਗੀ ਪਰ ਇਸ ਤੇ ਅਮਲ ਬਹੁਤ ਥੋੜ੍ਹਿਆਂ ਨੇ ਕੀਤਾ ਹੋਵੇਗਾ। ਮੈਂ ਕੋਈ ਡਾਕਟਰ ਜਾਂ ਸਿਹਤ ਅਧਿਕਾਰੀ ਨਹੀਂ ਕਿ ਤੁਹਾਨੂੰ ਦੱਸਾਂ ਕਿ ਕੀ ਖਾਣਾ ਚਾਹੀਦਾ ਤੇ ਕੀ ਨਹੀਂ ਪਰ ਮੈਂ ਬਚਪਨ ਤੋਂ ਹੀ ਬਹੁਤ ਵਿਸ਼ਿਆਂ ਵਾਰੇ ਪੜ੍ਹਿਆ ਤੇ ਘੋਖਿਆ ਹੈ। ਇਨ੍ਹਾਂ ਵਿਸ਼ਿਆਂ ਵਿਚੋਂ ਸਿਹਤ ਨਾਲ ਸਬੰਧਤ ਵਿਸ਼ੇ ਵੀ ਹਨ। ਕਈ ਬਿਮਾਰੀਆਂ ਕੁਦਰਤੀ ਤੌਰ ਤੇ ਇਨਸਾਨਾਂ ਨੂੰ ਲਗਦੀਆਂ ਹਨ ਜਿਨ੍ਹਾਂ ਵਾਰੇ ਇਨਸਾਨਾਂ ਨੂੰ ਪਤਾ ਵੀ ਨਹੀਂ ਹੁੰਦਾ। ਉਨ੍ਹਾਂ ਬਿਮਾਰੀਆਂ ਦਾ ਇਲਾਜ ਬਹੁਤ ਜ਼ਰੂਰੀ ਹੈ।

ਕੁੱਝ ਬਿਮਾਰੀਆਂ ਇਨਸਾਨ ਖੁਦ ਜਾਣ ਬੁਝ ਕੇ ਲਗਵਾਉਂਦਾ ਹੈ। ਇਲਾਜ ਤਾਂ ਉਨ੍ਹਾਂ ਦਾ ਵੀ ਕਰਾਉਣਾ ਬਣਦਾ ਪਰ ਮਸਲਾ ਇਹ ਹੈ ਕਿ ਇਲਾਜ ਬਹੁਤ ਮਹਿੰਗਾ ਹੈ ਤੇ ਇਲਾਜ ਕਰਾਉਣਾ ਹਰ ਇੱਕ ਦੇ ਵੱਸ ਦਾ ਨਹੀਂ। ਇਸ ਦੇ ਨਾਲ ਇਹ ਵੀ ਦੇਖਣ ਦੀ ਲੋੜ ਹੈ ਕਿ ਜਿਹੜੇ ਮਰੀਜ਼ ਕੁਦਰਤੀ ਬਿਮਾਰ ਹੋ ਗਏ ਉਨ੍ਹਾਂ ਦਾ ਇਲਾਜ ਪਹਿਲਾਂ ਹੋਵੇ ਜਾਂ ਜਿਹੜੇ ਜਾਣ ਬੁਝ ਕੇ ਹੋ ਗਏ। ਕੁੱਝ ਸੰਸਥਾਵਾਂ ਵੀ ਮਰੀਜ਼ਾਂ ਦਾ ਇਲਾਜ ਮੁਫ਼ਤ ਕਰਵਾ ਦਿੰਦੀਆਂ ਹਨ ਪਰ ਜੇ ਤੁਸੀਂ ਜਾਣ ਬੁਝ ਕੇ ਬਿਮਾਰ ਹੋਈ ਜਾਵੋ ਤਾਂ ਉਨ੍ਹਾਂ ਸੰਸਥਾਵਾਂ ਦੇ ਪੈਸੇ ਦੀ ਵੀ ਬਰਬਾਦੀ ਹੁੰਦੀ ਹੈ।

ਜਿਹੜੀਆਂ ਬਿਮਾਰੀਆਂ ਦੇ ਇਲਾਜ ਸੰਸਥਾਵਾਂ ਮੁਫ਼ਤ ਕਰਵਾਉਂਦੀਆਂ ਹਨ ਉਸ ਵਿੱਚ ਡੈਲਸਿਸ ਵੀ ਸ਼ਾਮਿਲ ਹੈ। ਅੱਜ ਦੇਖਦੇ ਹਾਂ ਕਿ ਡੈਲਸਿਸ ਤੱਕ ਦੀ ਨੌਬਤ ਕਿਸ ਤਰਾਂ

ਆਉਂਦੀ ਹੈ ਤੇ ਇਸ ਤੋਂ ਕਿਸ ਤਰਾਂ ਆਪਣੇ ਆਪ ਨੂੰ ਬਚਾਇਆ ਜਾ ਸਕਦਾ ਹੈ ?
ਮੇਰਾ ਵਿਚਾਰ ਹੈ ਕਿ ਭਾਰਤ ਵਿੱਚ ਪੱਚੀ ਸਾਲ ਦੀ ਉਮਰ ਤੋਂ ਲੈ ਕੇ ਹੀ ਖੂਨ ਦਾ ਟੈਸਟ ਸ਼ੁਰੂ ਹੋ ਜਾਣਾ ਚਾਹੀਦਾ ਹੈ ਜਿਸ ਵਿੱਚ ਕੋਲੇਸਟ੍ਰਲ, ਬਲੱਡ ਸ਼ੂਗਰ, ਸੋਡੀਅਮ, ਪੋਟਾਸ਼ਿਅਮ ਤੇ ਵਿਟਾਮਿਨ ਡੀ ਚੈਕ ਕੀਤਾ ਜਾਵੇ। ਡਾਕਟਰ ਦੀ ਸਲਾਹ ਨਾਲ ਕੋਈ ਹੋਰ ਚੀਜ਼ ਵੀ ਸ਼ਾਮਿਲ ਕੀਤੀ ਜਾ ਸਕਦੀ ਹੈ। ਜੇ ਕਲੈਸਟ੍ਰਲ, ਸੋਡੀਅਮ ਤੇ ਸ਼ੂਗਰ ਦਾ ਲੈਵਲ ਵਧ ਰਿਹਾ ਹੋਵੇ ਤਾਂ ਮਰੀਜ਼ ਨੂੰ ਖਾਣ ਪੀਣ ਵਿੱਚ ਸਾਵਧਾਨੀ ਦੇ ਨਾਲ ਨਾਲ ਕਸਰਤ ਕਰਨ ਦਾ ਸੁਝਾ ਦਿੱਤਾ ਜਾਵੇ। ਮਰੀਜ਼ ਨੂੰ ਇਹ ਵੀ ਦੱਸਿਆ ਜਾਵੇ ਕਿ ਪਰਹੇਜ਼ ਨਾਂ ਕਰਨ ਦੀ ਸੂਰਤ ਵਿੱਚ ਕੀ ਭਿਆਨਕ ਸਿੱਟੇ ਨਿਕਲਣਗੇ ਤੇ ਉਸ ਦਾ ਕਿੰਨਾ ਖਰਚਾ ਆਵੇਗਾ ਤੇ ਕਿੰਨੀ ਤਕਲੀਫ ਉਸ ਨੂੰ ਹੋਵੇਗੀ ਤੇ ਕਿੰਨੀ ਘਰਦਿਆਂ ਨੂੰ ਹੋਵੇਗੀ। ਇਹ ਇਸ ਕਰਕੇ ਦੱਸਣ ਦੀ ਜਰੂਰਤ ਹੈ ਤਾਂ ਕਿ ਮਰੀਜ਼ ਦੇ ਘਰਦੇ ਵੀ ਉਸ ਦੇ ਪਰਹੇਜ਼ ਵੱਲ ਧਿਆਨ ਦੇਣ। ਇਹ ਸਭ ਕੁੱਝ ਕਾਗਜ਼ ਤੇ ਛਪਿਆ ਹੋਵੇ ਜੋ ਮਰੀਜ਼ ਨੂੰ ਦਿੱਤਾ ਜਾਵੇ। ਹਾਈ ਕਲੈਸਟ੍ਰਲ, ਬਲੱਡ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਹਾਰਟ ਅਟੈਕ ਅਤੇ ਗੁਰਦਿਆਂ ਦੀਆਂ ਬਿਮਾਰੀਆਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ

ਜਦੋਂ ਅਸੀਂ ਸਾਹ ਚੜ੍ਹਨ ਵਾਲੀ ਕਸਰਤ ਨਹੀਂ ਕਰਦੇ ਤੇ ਵੱਧ ਚਰਬੀ ਵਾਲੀਆਂ ਚੀਜ਼ਾਂ ਖਾਈ ਜਾਂਦੇ ਹਾਂ ਤਾਂ ਕੋਲੇਸਟ੍ਰਲ ਦੀ ਮਾਤਰਾ ਵਧਦੀ ਹੈ ਜਾਂ ਅਸੀਂ ਜਿੰਨੀਆਂ ਕੈਲਰੀਆਂ (ਊਰਜਾ ਇਕਾਈਆਂ) ਖਾਂਦੇ ਹਾਂ ਓਨੀਆਂ ਬਰਨ (ਵਰਤਦੇ ਜਾਂ ਜਾਲਦੇ ) ਨਹੀਂ ਕਰਦੇ ਜਿਸ ਦੇ ਸਿੱਟੇ ਵਜੋਂ ਸਾਡਾ ਭਾਰ ਵਧਣ ਲਗਦਾ ਹੈ।

ਇਸ ਦੇ ਨਾਲ ਸਾਡੀ ਖੁਰਾਕ ਵਿੱਚ ਲੂਣ ਦੀ ਮਾਤਰਾ ਜਿਆਦਾ ਹੋਣ ਕਰਕੇ ਸਾਡੇ ਵਿੱਚ ਸੋਡੀਅਮ ਦੀ ਮਾਤਰਾ ਵੱਧ ਜਾਂਦੀ ਹੈ। ਸੋਡੀਅਮ ਸਾਡੀਆਂ ਦਿਲ ਨੂੰ ਜਾਂਦੀਆਂ ਨਾੜੀਆਂ ਨੂੰ ਸਖਤ ਕਰਦਾ ਹੈ ਜਿਸ ਦੇ ਸਿੱਟੇ ਵਜੋਂ ਬਲੱਡ ਪ੍ਰੈਸ਼ਰ ਵਧਣਾ ਸ਼ੁਰੂ ਹੁੰਦਾ ਹੈ। ਉਪਰੋਂ ਜੇ ਪੋਟਾਸ਼ੀਅਮ ਦੀ ਘਾਟ ਹੋਵੇ ਤਾਂ ਸੋਡੀਅਮ ਹੋਰ ਖਤਰਨਾਕ ਸਾਬਤ ਹੁੰਦਾ ਹੈ। ਹਾਈ ਬਲੱਡ ਪ੍ਰੈਸ਼ਰ ਨਾਲ ਕਿਡਨੀਆਂ ਖਰਾਬ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਖਾਣੇ ਵਿੱਚ ਖੰਡ ਦੀ ਮਾਤਰਾ ਵੱਧ ਹੋਣ ਕਰਕੇ ਅਤੇ ਕਸਰਤ ਦੀ ਘਾਟ ਕਰਕੇ ਬਲੱਡ ਸ਼ੂਗਰ ਵਧਣ ਨਾਲ ਵੀ ਕਿਡਨੀਆਂ ਤੇ ਮਾੜਾ ਅਸਰ ਹੁੰਦਾ ਹੈ। ਫਿਰ ਮਠਿਆਈਆਂ ਖਾਣੀਆਂ ਤਾਂ ਹੋਰ ਵੀ ਖਤਰਨਾਕ ਹਨ। ਇਸ ਦੇ ਨਾਲ ਨਾਲ ਜੇ ਮਰੀਜ਼ ਸ਼ਰਾਬ ਪੀਂਦਾ ਹੈ ਤਾਂ ਉਸ ਵਿੱਚ ਵੀ ਖੰਡ ਦੀ ਮਾਤਰਾ ਬਹੁਤ ਹੁੰਦੀ ਹੈ ਜੋ ਕਿ ਖਤਰਨਾਕ ਸਾਬਤ ਹੁੰਦੀ ਹੈ।

ਵਧੀਆ ਗੱਲ ਹੈ ਕਿ ਬੱਚਿਆਂ ਨੂੰ ਸਕੂਲਾਂ ਤੋਂ ਹੀ ਆਦਤ ਪਾਈ ਜਾਵੇ ਕਿ ਉਹ ਮਿੱਠਾ ਘੱਟ ਖਾਣ, ਤਲੀਆਂ ਚੀਜ਼ਾਂ ਘੱਟ ਖਾਣ ਤੇ ਕਸਰਤ ਕਰਨ। ਬਚਪਨ ਦੀਆਂ ਆਦਤਾਂ ਬੁਢਾਪੇ ਤੱਕ

ਚਲੇ ਜਾਂਦੀਆਂ ਹਨ।

ਪਿੰਡਾਂ ਵਿਚੋਂ ਬਹੁਤ ਪਰਿਵਾਰ ਵਿਦੇਸ਼ਾਂ ਵਿੱਚ ਗਏ ਹੋਏ ਹਨ। ਉਹ ਹੋਰ ਥਾਵਾਂ ਤੇ ਪੈਸਾ ਦਾਨ ਕਰਨ ਦੀ ਬਜਾਏ ਆਪਣੇ ਪਿੰਡਾਂ ਵਿੱਚ ਜਿਮ (ਕਸਰਤ ਵਾਲੀਆਂ ਥਾਵਾਂ) ਬਣਾ ਸਕਦੇ ਹਨ। ਇਨ੍ਹਾਂ ਜਿਮਾਂ ਦੇ ਨਾਲ ਹੀ ਲਾਇਬ੍ਰੇਰੀਆਂ ਬਣਾਈਆਂ ਜਾ ਸਕਦੀਆਂ ਹਨ ਜਿਥੇ ਲੋਕਾਂ ਨੂੰ ਵਿਗਿਆਨਕ ਨਜਰੀਏ ਵਾਲੀਆਂ ਕਿਤਾਬਾਂ ਪੜ੍ਹਨ ਨੂੰ ਦਿਤੀਆਂ ਜਾ ਸਕਣ ਤਾਂ ਕਿ ਲੋਕ ਬਿਮਾਰੀਆਂ ਤੋਂ ਬਚ ਸਕਣ। ਲਾਇਬ੍ਰੇਰੀਆਂ ਵਿੱਚ ਹੀ ਬੱਚਿਆਂ ਨੂੰ ਕੰਪਿਊਟਰ ਚਲਾਉਣ ਦੀ ਸਿੱਖਿਆ ਦਿੱਤੀ ਜਾਵੇ ਤਾਂ ਕਿ ਬੱਚੇ ਆਪਣੀ ਜਿੰਦਗੀ ਵਿੱਚ ਤਰੱਕੀ ਕਰ ਸਕਣ।

ਜਿਹੜੀਆਂ ਸੰਸਥਾਵਾਂ ਲੋਕਾਂ ਦਾ ਇਲਾਜ ਮੁਫ਼ਤ ਕਰਾਉਂਦੀਆਂ ਹਨ ਉਹ ਵਧਾਈ ਦੀਆਂ ਪਾਤਰ ਹਨ ਪਰ ਜੇ ਉਹ ਉਪਰੋਕਤ ਚੀਜ਼ਾਂ ਵੱਲ ਧਿਆਨ ਦੇਣ ਤਾਂ ਇਲਾਜ ਤੋਂ ਬਿਨਾਂ ਹੀ ਬਹੁਤੇ ਲੋਕ ਬਿਮਾਰੀਆਂ ਤੋਂ ਬਚ ਜਾਣਗੇ।

ਸੋ ਸਾਰੀ ਗੱਲ ਦਾ ਨਿਚੋੜ ਹੈ ਕਿ ਇਲਾਜ ਕਰਾਉਣ ਨਾਲੋਂ ਪਰਹੇਜ਼ ਚੰਗਾ ਹੁੰਦਾ ਹੈ।

❖❖❖❖❖


MOERIS
SWISS
MADE

# 21

## ਸਮੇਂ ਦੇ ਨਾਲ ਅਸ਼ੀਰਵਾਦ ਅਤੇ ਵਹਿਮ ਭਰਮ ਬਦਲ ਜਾਂਦੇ ਹਨ

ਸੰਨ 1980 ਤੋਂ ਪਹਿਲਾਂ ਜਦੋਂ ਕੋਈ ਨੂੰਹ ਆਪਣੀ ਸੱਸ ਦੇ ਪੈਰੀਂ ਹੱਥ ਲਗਾਉਂਦੀ ਹੁੰਦੀ ਸੀ ਤਾਂ ਸੱਸ ਉਸ ਨੂੰ ਅਸੀਸ (ਅਸ਼ੀਰਵਾਦ) ਦਿੰਦੀ ਹੁੰਦੀ ਸੀ ਕਿ 'ਜਿਊਂਦੀ ਰਹਿ ਜਵਾਨੀ ਮਾਣ ਸੱਤਾਂ ਪੁੱਤਾਂ ਦਾ ਮੂੰਹ ਧੋਵੇਂ'। ਸੁਣ ਕੇ ਨੂੰਹ ਵੀ ਬੜੀ ਖੁਸ਼ ਹੁੰਦੀ ਸੀ ਕਿ ਮੇਰੀ ਸੱਸ ਨੇ ਬੜੀ ਵਧੀਆ ਅਸੀਸ (ਅਸ਼ੀਰਵਾਦ) ਦਿੱਤੀ ਹੈ। ਅੱਜ ਕੋਈ ਸੱਸ ਇਹੀ ਅਸੀਸ ਆਪਣੀ ਨੂੰਹ ਨੂੰ ਦੇ ਕੇ ਦੇਖੇ ਤਾਂ ਨੂੰਹ ਉਸੇ ਵੇਲੇ ਸੱਸ ਨੂੰ ਕਹੇਗੀ ਕਿ ਮੰਮੀ ਮੈਨੂੰ ਅਸੀਸ ਦੇ ਰਹੀ ਹੈਂ ਜਾਂ ਸਰਾਪ ?

ਇਸੇ ਤਰ੍ਹਾਂ ਛਿੱਕਾਂ ਮਾਰਨ ਨਾਲ ਵਹਿਮ ਜੁੜਿਆ ਹੋਇਆ ਸੀ ਕਿ ਜੇ ਘਰ ਵਿਚੋਂ ਕੋਈ ਛਿੱਕਾਂ ਮਾਰੇ ਤਾਂ ਸਮਝੋ ਕਿ ਕੋਈ ਯਾਦ ਕਰਦਾ ਹੈ ਜਾਂ ਕੋਈ ਆਉਣ ਵਾਲਾ ਹੈ। ਕਰੋਨਾ ਵਾਇਰਸ ਦੇ ਸ਼ੁਰੂ ਹੋਣ ਤੋਂ ਬਾਦ ਇਹ ਵਹਿਮ ਵੀ ਬਦਲ ਗਿਆ। ਹੁਣ ਜੇ ਕੋਈ ਛਿੱਕਾਂ ਮਾਰੇ ਤਾਂ ਲੋਕਾਂ ਨੂੰ ਲੱਗਣ ਲੱਗ ਪੈਂਦਾ ਕਿ ਇਸ ਨੂੰ ਉੱਪਰ ਵਾਲਾ ਯਾਦ ਕਰਦਾ ਹੈ ਤੇ ਇਹ ਇਥੋਂ ਜਾਣ ਵਾਲਾ ਹੈ। ਕਈ ਤਾਂ ਛਿੱਕ ਤੋਂ ਏਨਾ ਡਰ ਜਾਂਦੇ ਹਨ ਕਿ ਉਨ੍ਹਾਂ ਨੂੰ ਤਾਂ ਲੱਗਣ ਲੱਗ ਪੈਂਦਾ ਹੈ ਕਿ ਇਹ ਬਾਕੀਆਂ ਨੂੰ ਵੀ ਨਾਲ ਹੀ ਲੈ ਕੇ ਜਾਏਗਾ।

❖❖❖❖❖



# 22

## ਜਦੋਂ ਨਿਊਜ਼ੀਲੈਂਡ ਵਿੱਚ ਮੇਰਾ ਨਾਮ ਸੁਣ ਕੇ ਭੂਤ ਨੇ ਗੰਦ ਸੁੱਟਣਾ ਬੰਦ ਕੀਤਾ

***"ਸੱਚ ਤੇ ਅਧਾਰਤ ਘਟਨਾ"***

ਇਹ ਘਟਨਾ ਤਕਰੀਬਨ ਸੰਨ 2001 ਦੀ ਹੈ ਜਦੋਂ ਮੈਂ ਇੱਕ ਔਕਲੈਂਡ ਦੀ ਸਭ ਤੋਂ ਵੱਡੀ ਕੀਵੀ ਫਰੂਟ ਪੈਦਾ ਕਰਨ ਵਾਲੀ ਕੰਪਨੀ ਵਿੱਚ ਬਤੌਰ ਮੈਨੇਜਰ ਕੰਮ ਕਰਦਾ ਸੀ। ਕੰਪਨੀ ਵੱਡੀ ਹੋਣ ਕਰਕੇ ਸੈਂਕੜੇ ਕਾਮੇ ਉਸ ਵਿੱਚ ਕੰਮ ਕਰਦੇ ਸੀ। ਮੇਰੇ ਕੋਲ ਜਦੋਂ ਵੀ ਸਮਾਂ ਹੋਵੇ ਮੈਂ ਇਕੱਲੇ ਇਕੱਲੇ ਕਾਮੇ ਨੂੰ ਮਿਲ ਕੇ ਉਸ ਦਾ ਤੇ ਉਸ ਦੇ ਪਰਿਵਾਰ ਦਾ ਹਾਲ ਚਾਲ ਜ਼ਰੂਰ ਪੁੱਛਦਾ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣ ਲੈਂਦਾ। ਜਿੰਨੀਆਂ ਕੁ ਸਮੱਸਿਆਵਾਂ ਮੇਰੇ ਹੱਲ ਕਰਨ ਵਾਲੀਆਂ ਹੁੰਦੀਆਂ ਉਹ ਹੱਲ ਵੀ ਕਰ ਦਿੰਦਾ ਸੀ। ਇਸ ਤਰ੍ਹਾਂ ਕਾਮਿਆਂ ਨਾਲ ਮੇਰੀ ਬਹੁਤ ਨੇੜਤਾ ਬਣੀ ਹੋਈ ਸੀ।

ਉਨ੍ਹਾਂ ਵਿਚੋਂ ਇੱਕ ਕਾਮਾਂ ਜਿਸ ਨੇ ਅਜੇ ਦੋ ਕੁ ਦਿਨ ਪਹਿਲਾਂ ਹੀ ਕੰਮ ਸ਼ੁਰੂ ਕੀਤਾ ਸੀ ਉਸ ਨੂੰ ਮੈਂ ਪਹਿਲਾਂ ਵੀ ਜਾਣਦਾ ਸੀ। ਉਹ ਦੋ ਡਾਲਰ ਸਟੋਰ ਚਲਾਉਂਦਾ ਹੁੰਦਾ ਸੀ ਜੋ ਉਸ ਦਾ ਆਪਣਾ ਸੀ। ਉਸ ਸਟੋਰ ਵਿੱਚ ਚੀਨ ਦਾ ਬਣਿਆ ਸਮਾਨ ਵੇਚਿਆ ਜਾਂਦਾ ਸੀ ਤੇ ਸਟੋਰ ਹਰ ਰੋਜ਼ ਖੋਲ੍ਹਣਾ ਪੈਂਦਾ ਸੀ। ਕੰਮ ਕਰਨ ਦੇ ਘੰਟੇ ਵੀ ਬਹੁਤ ਲੰਮੇ ਹੁੰਦੇ ਸੀ। ਮੈਂ ਉਸ ਨੂੰ ਪੁੱਛਿਆ ਕਿ ਉਹ ਆਪਣਾ ਚੱਲਦਾ ਕਾਰੋਬਾਰ ਛੱਡ ਕੇ ਕੀਵੀ ਫਰੂਟ ਵਿੱਚ ਦਿਹਾੜੀਆਂ ਕਿਉਂ ਕਰਨ ਲੱਗ ਪਿਆ ? ਉਹ ਮੈਨੂੰ ਕਹਿਣ ਲੱਗਾ ਕਿ ਮੇਰੇ ਤੇ ਕਿਸੇ ਨੇ ਭੂਤ ਛੱਡਿਆ ਹੋਇਆ ਹੈ ਤੇ ਉਹ ਭੂਤ ਮੇਰੀ ਦੁਕਾਨ ਦੀ ਤਜ਼ੋਰੀ ਵਿੱਚ ਗੰਦ ਸੁੱਟ ਦਿੰਦਾ ਹੈ। ਉਹ ਕਹਿੰਦਾ ਕਿ ਮੈਂ ਕਈ ਸਾਧਾਂ, ਸੰਤਾਂ ਤੇ ਜੋਤਸ਼ੀਆਂ ਤੋਂ ਉਪਾਅ ਵੀ ਕਰਵਾਏ ਪਰ ਕੋਈ ਫਰਕ ਨਹੀਂ ਪਿਆ। ਉਸ ਨੇ ਦੱਸਿਆ ਕਿ ਇੱਕ ਜੋਤਸ਼ੀ ਨੇ ਸੁਝਾਅ ਦਿੱਤਾ ਸੀ ਕਿ ਜੇ ਤੂੰ ਦੁਕਾਨ ਵੇਚ ਦੇਵੇਂ ਤਾਂ ਗੰਦ ਡਿਗਣਾ ਹਟ ਜਾਵੇਗਾ। ਨਾਲ ਹੀ ਜੋਤਸ਼ੀ ਨੇ ਕਿਹਾ ਕਿ ਨਵਾਂ

ਕੰਮ ਦੋ ਸਾਲਾਂ ਬਾਦ ਸ਼ੁਰੂ ਕਰੀਂ। ਉਹ ਕਹਿੰਦਾ ਇਸ ਕਰਕੇ ਮੈਨੂੰ ਹੁਣ ਦੋ ਸਾਲ ਕੀਵੀ ਫਰੂਟ ਦਾ ਕੰਮ ਹੀ ਕਰਨਾ ਪੈਣਾ। ਮੈਂ ਉਸ ਨੂੰ ਕਿਹਾ ਕਿ ਭੂਤ ਤਾਂ ਹੁੰਦੇ ਨਹੀਂ ਫਿਰ ਉਹ ਗੰਦ ਕਿਸ ਤਰਾਂ ਸੁੱਟ ਸਕਦੇ ਹਨ ?

ਉਸ ਨੇ ਅੱਗੇ ਦੱਸਿਆ ਕਿ ਉਸ ਕੋਲ ਘਰ ਵਿੱਚ ਵੀ ਇੱਕ ਤਜ਼ੋਰੀ ਹੈ ਉਸ ਵਿੱਚ ਵੀ ਗੰਦ ਡਿਗਦਾ ਹੈ। ਉਸ ਨੇ ਮੈਨੂੰ ਕਿਹਾ ਕਿ ਜੇਕਰ ਕੋਈ ਇਲਾਜ ਹੋ ਸਕਦਾ ਤਾਂ ਜ਼ਰੂਰ ਕਰੋ। ਮੈਂ ਬਹੁਤ ਦੁਖੀ ਹਾਂ ਤੇ ਉਪਾਅ ਕਰਾ ਕਰਾ ਕੇ ਪੈਸੇ ਵੀ ਬਹੁਤ ਗੁਆ ਚੁੱਕਾ ਹਾਂ। ਮੈਂ ਉਸ ਨੂੰ ਕਿਹਾ ਕਿ ਤੂੰ ਰਾਤ ਨੂੰ ਤਜ਼ੋਰੀ ਨੂੰ ਜਿੰਦਾ ਲਗਾ ਦੇਵੀਂ ਤੇ ਚਾਬੀ ਆਪਣੇ ਕੋਲ ਰੱਖੀਂ ਫਿਰ ਗੰਦ ਨਹੀਂ ਡਿੱਗੇਗਾ। ਉਹ ਅਗਲੇ ਦਿਨ ਕਹਿੰਦਾ ਕਿ ਮੈਂ ਇਸ ਤਰਾਂ ਵੀ ਕੀਤੀ ਪਰ ਫਿਰ ਵੀ ਗੰਦ ਡਿਗਿਆ। ਉਹ ਬਹੁਤ ਡਰਿਆ ਹੋਇਆ ਸੀ। ਮੈਂ ਉਸ ਨੂੰ ਕਿਹਾ ਡਰਨ ਦੀ ਲੋੜ ਨਹੀਂ ਮੈਨੂੰ ਪੱਕਾ ਪਤਾ ਭੂਤ ਨਹੀਂ ਹੁੰਦੇ। ਜੇ ਤੂੰ ਚਾਹੇਂ ਮੈਂ ਤੁਹਾਡੇ ਘਰ ਰਾਤ ਨੂੰ ਸੌਂ ਵੀ ਸਕਦਾ ਹਾਂ।

ਮੈਂ ਕਿਹਾ ਤੂੰ ਰਾਤ ਨੂੰ ਨਵਾਂ ਜਿੰਦਾ ਲਾ ਦੇਵੀਂ ਤੇ ਚਾਬੀ ਆਪਣੇ ਕੋਲ ਰੱਖੀਂ। ਮੈਨੂੰ ਆਸ ਸੀ ਕਿ ਹੋ ਸਕਦਾ ਪੁਰਾਣੇ ਜਿੰਦੇ ਦੀ ਇੱਕ ਚਾਬੀ ਕਿਸੇ ਹੋਰ ਘਰਦੇ ਸਰੀਰ ਕੋਲ ਹੋਵੇ ਜੋ ਉਸ ਨਾਲ ਲੌਕ ਖੋਲ੍ਹ ਕੇ ਗੰਦ ਸੁੱਟਦਾ ਹੋਵੇ। ਅਗਲੀ ਰਾਤ ਨੂੰ ਉਸ ਨੇ ਨਵਾਂ ਜਿੰਦਾ ਲਾਇਆ ਤੇ ਮੈਨੂੰ ਆ ਕੇ ਦੱਸਿਆ ਕਿ ਗੰਦ ਫਿਰ ਵੀ ਤਜ਼ੋਰੀ ਵਿੱਚ ਆ ਕੇ ਡਿਗਿਆ। ਉਸ ਤੋਂ ਮੈਨੂੰ ਅੰਦਾਜ਼ਾ ਹੋ ਗਿਆ ਕਿ ਜਾਂ ਤਾਂ ਇਹ ਖੁਦ ਗੰਦ ਸੁੱਟਦਾ ਹੈ ਤੇ ਜਾਂ ਕੋਈ ਘਰਦਾ ਸਰੀਰ ਇਸ ਦੇ ਸੁਤੇ ਦੀ ਚਾਬੀ ਚੁੱਕ ਕੇ ਲੌਕ ਖੋਲ੍ਹ ਕੇ ਗੰਦ ਸੁੱਟਦਾ ਹੈ। ਹੁਣ ਮੈਂ ਦੋਂ ਵਿਚੋਂ ਇੱਕ ਬੰਦਾ ਲੱਭਣਾ ਸੀ।

ਮੈਂ ਉਸ ਨੂੰ ਕਿਹਾ ਕਿ ਮੈਂ ਇੱਕ ਹੋਰ ਕੋਸ਼ਿਸ਼ ਕਰਦਾ ਹਾਂ ਗੰਦ ਰੋਕਣ ਦੀ ਪਰ ਜੇ ਗੰਦ ਨਾਂ ਰੁਕਿਆ ਤਾਂ ਫਿਰ ਮੈਨੂੰ ਘਰ ਜਾ ਕੇ ਹਟਾਉਣਾ ਪਊ। ਉਸ ਨੂੰ ਮੈਂ ਕਿਹਾ ਕਿ ਪਰਿਵਾਰ ਦੇ ਸਾਰੇ ਸਰੀਰ ਇਕੱਠੇ ਕਰਕੇ ਬਿਠਾ ਲਵੀਂ। ਉਨ੍ਹਾਂ ਨੂੰ ਇਹ ਕਹਿਣਾ ਹੈ ਕਿ ਅਵਤਾਰ ਤਰਕਸ਼ੀਲ ਮੇਰਾ ਦੋਸਤ ਹੈ ਉਹ ਕਹਿੰਦਾ ਹੈ ਕਿ ਇਸ ਤਰਾਂ ਦੇ ਕੰਮ ਕੋਈ ਭੂਤ ਨਹੀਂ ਕਰਦਾ। ਘਰ ਦਾ ਕੋਈ ਬੰਦਾ ਕਰਦਾ ਹੈ। ਜੇਕਰ ਉਹ ਗੰਦ ਸੁੱਟਣੋ ਨਾਂ ਹਟਿਆ ਤਾਂ ਉਹ ਘਰ ਆ ਕੇ ਬੰਦੇ ਦਾ ਨਾਮ ਵੀ ਦੱਸ ਦੇਵੇਗਾ ਤੇ ਨਾਲ ਹੀ ਉਨ੍ਹਾਂ ਨੂੰ ਦੱਸ ਦੇਵੀਂ ਕਿ ਤਰਕਸ਼ੀਲ ਸੁਸਾਇਟੀ ਇਸ ਤਰਾਂ ਦੇ ਹਜ਼ਾਰਾਂ ਕੇਸ ਹੱਲ ਕਰ ਚੁੱਕੀ ਹੈ। ਉਸ ਨੂੰ ਇਹ ਵੀ ਕਹਿ ਦਿੱਤਾ ਕਿ ਤਜ਼ੋਰੀ ਨੂੰ ਉਸ ਰਾਤ ਲੌਕ ਵੀ ਨਹੀਂ ਲਗਾਉਣਾ।

ਉਸ ਨੇ ਇਸ ਤਰ੍ਹਾਂ ਹੀ ਕੀਤਾ। ਉਸ ਦਿਨ ਤੋਂ ਬਾਦ ਉਨ੍ਹਾਂ ਦੇ ਘਰ ਕਦੇ ਗੰਦ ਨਹੀਂ ਡਿਗਿਆ ਸੀ। ਉਸ ਨੂੰ ਮੈਂ ਦੱਸ ਦਿੱਤਾ ਸੀ ਕਿ ਤੂੰ ਦੁਕਾਨ ਸੱਤੇ ਦਿਨ ਖੋਲ੍ਹਦਾ ਸੀ ਤੇ ਪਰਿਵਾਰ ਵਾਸਤੇ

ਤੇਰੇ ਕੋਲ ਸਮਾਂ ਨਹੀਂ ਸੀ। ਇੱਕ ਦਿਨ ਛੁੱਟੀ ਕਰਕੇ ਘੁੰਮ ਫਿਰ ਲਿਆ ਕਰੋ। ਇਸ ਸੁਝਾਅ ਨੂੰ ਅਮਲ ਵਿੱਚ ਲਿਆ ਕੇ ਉਹ ਅਖੌਤੀ ਭੂਤ ਤੋਂ ਸਦਾ ਲਈ ਛੁਟਕਾਰਾ ਪਾ ਗਿਆ ਸੀ।

ਨੋਟ :-ਜਦੋਂ ਪਰਿਵਾਰ ਦੇ ਕਿਸੇ ਮੈਂਬਰ ਦੇ ਚਾਅ ਜਾਂ ਸਪਨੇ ਅਧੂਰੇ ਰਹਿ ਜਾਣ ਤਾਂ ਉਹ ਇਸ ਤਰਾਂ ਦੀਆਂ ਹਰਕਤਾਂ ਕਰਨ ਲੱਗ ਪੈਂਦਾ ਹੈ। ਸਾਧ ਸੰਤ ਇਸ ਤਰਾਂ ਦੇ ਕੇਸ ਨੂੰ ਹੋਰ ਵਿਗਾੜ ਦਿੰਦੇ ਹਨ।

❖❖❖❖❖


100
50
SIR APIRANA NGATA
20
10
KATE SHEPPARD
5

# 23

## ਆਰਥਿਕ ਮਸਲਾ – ਕਮਾਈ ਕਿਵੇਂ ਹੁੰਦੀ ਹੈ ?

ਮੇਰੇ ਨਜ਼ਰੀਏ ਨਾਲ ਨੌਕਰੀ, ਆਪਣਾ ਕੰਮ, ਕਾਰੋਬਾਰ ਅਤੇ ਇਨਵੈਸਟਮੈਂਟ ਕੀ ਹੈ ?
What is Job, Self Employment, Business and Investment in my view ?

ਬਹੁਤੇ ਲੋਕ ਸਾਰੀ ਜਿੰਦਗੀ ਨੌਕਰੀ, ਆਪਣੇ ਕੰਮ, ਕਾਰੋਬਾਰ ਅਤੇ ਇਨਵੈਸਟਮੈਂਟ ਵਿੱਚ ਫਰਕ ਨਹੀਂ ਜਾਣ ਪਾਉਂਦੇ। ਬੇਸ਼ੱਕ ਉਨ੍ਹਾਂ ਵਿਚੋਂ ਕੁੱਝ ਜਿਆਦਾ ਪੈਸਾ ਕਮਾ ਜਾਂਦੇ ਹਨ ਪਰ ਜਿਆਦਿਆਂ ਨੂੰ ਇਸ ਫਰਕ ਦਾ ਪਤਾ ਨਹੀਂ ਲਗਦਾ ਪਰ ਇਸ ਫਰਕ ਨੂੰ ਜਾਨਣ ਦੀ ਬਹੁਤ ਅਹਿਮੀਅਤ ਹੈ।

ਹੈਰਾਨੀ ਇਸ ਗੱਲ ਵਿੱਚ ਹੁੰਦੀ ਹੈ ਕਿ ਸਕੂਲ ਸਿਸਟਮ ਵੀ ਵਿਦਿਆਰਥੀਆਂ ਨੂੰ ਇਸ ਫਰਕ ਦੇ ਨਫ਼ੇ ਨੁਕਸਾਨ ਵਾਰੇ ਨਹੀਂ ਦੱਸਦਾ। ਜਿਹੜੇ ਪ੍ਰਾਈਵੇਟ ਅਦਾਰੇ ਇਸ ਬਾਰੇ ਜਾਣਕਾਰੀ ਦਿੰਦੇ ਹਨ ਉਹ ਇਸ ਵੱਟੇ ਹਜ਼ਾਰਾਂ ਡਾਲਰ ਲੈਂਦੇ ਹਨ।

ਪੜ੍ਹਾਈ ਤੋਂ ਬਾਦ ਬਹੁਤੇ ਲੋਕ ਜਦੋਂ ਪੈਸਾ ਕਮਾਉਣਾ ਸ਼ੁਰੂ ਕਰਦੇ ਹਨ ਤਾਂ ਉਹ ਕਿਸੇ ਦੇ ਨੌਕਰੀ ਕਰਨਾ ਸ਼ੁਰੂ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਮਾਂ ਪਿਓ ਅਤੇ ਸਕੂਲ ਸਿਸਟਮ ਨੇ ਸਿੱਖਿਆ ਹੀ ਕਿਸੇ ਦੇ ਨੌਕਰੀ ਕਰਨ ਦੀ ਦਿਤੀ ਹੁੰਦੀ ਹੈ। ਆਓ ਆਪਾਂ ਦੇਖਦੇ ਹਾਂ ਕਿ ਮੇਰੀ ਸੋਚ ਮੁਤਾਬਕ ਇਨ੍ਹਾਂ ਸਭ ਦੀ ਪਰਿਭਾਸ਼ਾ ਕੀ ਹੈ ?

ਨੌਕਰੀ (JOB):– ਜਿਵੇਂ ਕਿ JOB ਦੇ ਆਪਣੇ ਸਪੈਲਿੰਗ ਹੀ ਆਪਣਾ ਅਰਥ ਸਮਝਾਉਂਦੇ ਹਨ। Just Over Broke.

ਨੌਕਰੀ ਕਰਨ ਵਾਲੇ ਵਿਅਕਤੀ ਦਾ ਵਿਦੇਸ਼ਾਂ ਵਿੱਚ ਸਭ ਤੋਂ ਪਹਿਲਾਂ ਟੈਕਸ ਕੱਟਿਆ ਜਾਂਦਾ ਹੈ ਅਤੇ ਬਚੇ ਹੋਏ ਪੈਸਿਆਂ ਨੂੰ ਉਹ ਜਿਥੇ ਵੀ ਖਰਚਦਾ ਹੈ ਉਸ ਉਪੱਰ ਦੁਬਾਰਾ ਜੀ ਐੱਸ ਟੀ (GST) ਲਾਗੂ ਹੁੰਦੀ ਹੈ ਭਾਵ ਟੈਕਸ ਕੱਟੇ ਪੈਸਿਆਂ ਵਿਚੋਂ ਫਿਰ ਟੈਕਸ ਕੱਟਿਆ ਜਾਂਦਾ ਹੈ। ਨੌਕਰੀ ਕਰਨ ਵਾਲਾ ਵਿਅਕਤੀ ਹਮੇਸ਼ਾਂ ਆਪਣੇ ਮਾਲਕ ਦਾ ਗੁਲਾਮ ਰਹਿੰਦਾ ਹੈ। ਉਸ ਨੂੰ ਹਮੇਸ਼ਾਂ ਮਾਲਕ ਦਾ ਆਗਿਆਕਾਰੀ ਅਤੇ ਵਫ਼ਾਦਾਰ ਰਹਿਣਾ ਪੈਂਦਾ ਹੈ। ਉਹ ਖੁਦ ਸਖਤ ਮਿਹਨਤ ਕਰਕੇ ਮਾਲਕ ਨੂੰ ਅਮੀਰ ਕਰਦਾ ਹੈ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਜੇ ਉਹ ਆਪਣੇ ਮਾਲਕ ਨੂੰ ਇੱਕ ਰੋਟੀ ਕਮਾ ਕੇ ਦਿੰਦਾ ਹੈ ਤਾਂ ਮਾਲਕ ਉਸ ਰੋਟੀ ਵਿਚੋਂ ਇੱਕ ਬੁਰਕੀ ਨੌਕਰੀ ਵਾਲੇ ਨੂੰ ਦਿੰਦਾ ਹੈ ਤੇ ਨੌਕਰੀ ਵਾਲਾ ਉਸ ਬੁਰਕੀ ਦੇ ਹਿੱਸੇ ਕਰਕੇ ਆਪਣੇ ਪਰਿਵਾਰ ਨੂੰ ਦਿੰਦਾ ਹੈ। ਇਨ੍ਹਾਂ ਨੌਕਰੀ ਕਰਨ ਵਾਲਿਆਂ ਵਿੱਚ ਕੁੱਝ ਉੱਚੇ ਅਹੁਦਿਆਂ ਤੇ ਚਲੇ ਜਾਂਦੇ ਹਨ ਜਿਵੇਂ ਓਡੀਟਰ, ਸੁਪਰਵਾਈਜ਼ਰ ਅਤੇ ਮੈਨੇਜਰ ਆਦਿ। ਇਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਮਾਲਕ ਬਹੁਤ ਪੈਸਾ ਬਣਾਉਂਦਾ ਹੈ ਅਤੇ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਕੰਪਨੀ ਕਿਵੇਂ ਚੱਲਦੀ ਹੈ ? ਫਿਰ ਇਹ ਮਾਲਕ ਦਾ ਰੋਅਬ ਝੱਲਣਾ ਬੰਦ ਕਰ ਦਿੰਦੇ ਹਨ। ਕਈ ਵਾਰ ਇਹ ਮਾਲਕ ਨਾਲ ਲੜ ਕੇ ਕੰਮ ਛੱਡ ਦਿੰਦੇ ਹਨ ਜਾਂ ਮਾਲਕ ਇਨ੍ਹਾਂ ਨੂੰ ਕੰਮ ਤੋਂ ਕੱਢ ਦਿੰਦਾ ਹੈ। ਇਸ ਕੈਟੇਗਰੀ ਵਿੱਚ ਤੁਸੀਂ ਆਪਣਾ ਸਮਾਂ ਵੇਚ ਕੇ ਪੈਸੇ ਕਮਾਉਂਦੇ ਹੋ। ਭਾਵ ਤੁਸੀਂ ਪੈਸੇ ਲਈ ਕੰਮ ਕਰਦੇ ਹੋ।

ਆਪਣਾ ਕੰਮ/ਆਪਣੀ ਨੌਕਰੀ (Self Employment):- ਨੌਕਰੀ ਤੋਂ ਕੱਢੇ ਕਾਮਿਆਂ ਨੇ ਉੱਚੇ ਅਹੁਦੇ ਤੇ ਹੋਣ ਕਰਕੇ ਕੁੱਝ ਪੈਸੇ ਜੋੜ ਲਏ ਹੁੰਦੇ ਹਨ ਅਤੇ ਇਹ ਕੁੱਝ ਕਰਜ਼ਾ ਲੈ ਲੈਂਦੇ ਹਨ ਜਿਸ ਨਾਲ ਇਹ ਆਪਣਾ ਕੰਮ (Self Employment) ਸ਼ੁਰੂ ਕਰ ਲੈਂਦੇ ਹਨ। ਇਸ ਵਿੱਚ ਛੋਟੇ ਰੈਸਟੋਰੈਂਟ, ਡੇਅਰੀ ਸ਼ੌਪਾਂ, ਛੋਟੇ ਠੇਕੇ, ਸਫਾਈ ਦੇ ਕੰਮ, ਘਾਹ ਕੱਟਣ ਦਾ ਕੰਮ, ਦਵਾਈ ਦਾ ਛਿੜਕਾ, ਵਾਲ ਕੱਟਣ ਵਾਲੇ (Barbers), ਬਿਊਟੀ ਪਾਰਲਰ, ਸੁਨਿਆਰੇ (Gold Smith), ਬਾਰ (Bar), ਬਹੁਤੇ ਕਾਰ ਡੀਲਰ, ਕੱਪੜੇ ਧੋਣ ਵਾਲੇ (Laundry), ਆਈ ਟੀ ਵਾਲੇ, ਡਾਕਟਰ, ਦੰਦਾਂ ਦੇ ਡਾਕਟਰ, ਬਿਲਡਰ, ਬਿਜਲੀ ਵਾਲੇ (Electricians), ਟੂਟੀਆਂ ਦੇ ਕੰਮ ਵਾਲੇ (Plumbers), ਮੌਰਗੇਜ/ਇੰਸੂਰੈਂਸ ਬ੍ਰੋਕਰ, ਟ੍ਰੈਵਲ ਏਜੇਂਟ, ਮਠਿਆਈ ਦੀਆਂ ਦੁਕਾਨਾਂ, ਬੇਕਰੀਆਂ, ਸਬਜ਼ੀ ਤੇ ਫਲਾਂ ਦੀਆਂ ਦੁਕਾਨਾਂ, ਕੱਪੜੇ ਦੀਆਂ ਦੁਕਾਨਾਂ, ਡਾਲਰ ਸਟੋਰ, ਸੈਕੰਡ ਹੈਂਡ ਦੁਕਾਨਾਂ, ਮਕੈਨਿਕਾਂ ਦੀਆਂ ਦੁਕਾਨਾਂ, ਰੀਅਲ ਅਸਟੇਟ ਏਜੇਂਟ, ਪ੍ਰਾਪਰਟੀ ਮੈਨੇਜਰ, ਪੈਨਲ ਬੀਟਰ ਦੀਆਂ ਦੁਕਾਨਾਂ, ਛੋਟੇ ਪੈਟ੍ਰੋਲ ਪੰਪ, ਛੋਟੇ ਫਾਰਮਰ, ਛੋਟੀ ਖੇਤੀ ਵਾਲੇ, ਵਕੀਲ, ਅਕਾਊਂਟੈਂਟ, ਇੰਜੀਨਿਅਰ ਦੀ ਦੁਕਾਨ ਅਤੇ ਟੇਕ ਅਵੇ ਆਦਿ ਸ਼ਾਮਿਲ ਹੁੰਦੇ ਹਨ। ਇਹ ਲੋਕ ਇਸ ਨੂੰ ਆਪਣਾ ਬਿਜਨਿਸ ਸਮਝਣ ਲੱਗ ਪੈਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਮੁਲਕਾਂ ਵਿੱਚ ਇਸ ਨੂੰ ਬਿਜਨਿਸ ਹੀ ਕਹਿੰਦੇ ਹਨ ਪਰ ਮੇਰੀ ਨਿਗਾਹ ਵਿੱਚ ਇਹ ਬਿਜਨਿਸ ਨਹੀਂ ਹਨ। ਇਹ ਤੁਹਾਡੀਆਂ

ਖਰੀਦੀਆਂ ਹੋਈਆਂ ਨੌਕਰੀਆਂ ਹਨ। ਜਿਸ ਤਰਾਂ ਤੁਸੀਂ ਪਹਿਲਾਂ ਕਿਸੇ ਦੇ ਨੌਕਰੀ ਕਰਦੇ ਸੀ ਉਥੇ ਮਾਲਕ ਤੁਹਾਨੂੰ ਕੰਮ ਤੋਂ ਕੱਢ ਸਕਦਾ ਸੀ। ਹੁਣ ਤੁਸੀਂ ਇਹ ਨੌਕਰੀ ਮੁੱਲ ਲੈ ਲਈ ਹੈ ਜਿਥੇ ਤੁਸੀਂ ਆਪ ਹੀ ਮਾਲਕ ਹੋ। ਇਸ ਕਰਕੇ ਤੁਹਾਨੂੰ ਇਥੋਂ ਕੋਈ ਨੌਕਰੀ ਤੋਂ ਕੱਢ ਨਹੀਂ ਸਕਦਾ। ਹੋਰ ਕੁੱਝ ਤਾਂ ਬਦਲਿਆ ਨਹੀਂ ਤੁਸੀਂ ਕੰਮ ਤਾਂ ਇਥੇ ਵੀ ਪਹਿਲਾਂ ਵਾਂਗ ਹੀ ਕਰਦੇ ਹੋ। ਹਾਂ ਤੁਹਾਡਾ ਕੰਪਨੀ ਟੈਕਸ ਜ਼ਰੂਰ ਵਧਿਆ ਹੋਵੇਗਾ। ਇਸ ਦੇ ਨਾਲ ਤੁਹਾਡੇ ਉਤੇ ਹੋਰ ਜਿੰਮੇਵਾਰੀਆਂ ਵਧੀਆਂ ਜਿਸ ਤਰਾਂ ਹੁਣ ਤੁਹਾਨੂੰ ਦੁਕਾਨ ਦਾ ਕਿਰਾਇਆ ਆਪ ਦੇਣਾ ਪੈਣਾ, ਬਿਜਲੀ ਦਾ ਬਿਲ, ਪਾਣੀ ਦਾ ਬਿਲ, ਗੱਡੀ ਦਾ ਖਰਚਾ, ਟੈਕਸ, ਏ ਸੀ ਸੀ ਆਦਿ ਦਾ ਖਰਚਾ।

ਇਸ ਕੈਟੇਗਰੀ ਵਿੱਚ ਆ ਕੇ ਕੁੱਝ ਲੋਕ ਪਹਿਲਾਂ ਨਾਲੋਂ ਵੀ ਤੰਗ ਹੋ ਜਾਂਦੇ ਹਨ ਪਰ ਬਹੁਤ ਘੱਟ ਗਿਣਤੀ ਵਿੱਚ ਜਿਆਦਾ ਪੈਸੇ ਬਣਾਉਂਦੇ ਹਨ। ਬਹੁਤਿਆਂ ਦੀ ਜਿੰਦਗੀ ਇਸ ਕੈਟੇਗਰੀ ਵਿੱਚ ਨਿਕਲਦੀ ਹੈ। ਇਸ ਕੈਟੇਗਰੀ ਵਿੱਚ ਜਿੰਦਗੀ ਕੱਟਣ ਦਾ ਕਾਰਨ ਸਿਰਫ ਇਹ ਹੈ ਕਿ ਉਹ ਇਸ ਨੂੰ ਬਿਜਨਿਸ ਸਮਝ ਬੈਠਦੇ ਹਨ ਜਦ ਕਿ ਇਹ ਖਰੀਦੀ ਹੋਈ ਨੌਕਰੀ (Self Employment) ਹੈ ਬਿਜਨਿਸ ਨਹੀਂ। ਇਸੇ ਕਰਕੇ ਇਸ ਨੂੰ ਅੰਗਰੇਜ਼ੀ ਵਿੱਚ ਸੈਲਫ ਐਮਪਲੋਇਮੈਂਟ ਕਿਹਾ ਗਿਆ ਹੈ ਬਿਜਨਿਸ ਨਹੀਂ। ਇਸ ਕੈਟੇਗਰੀ ਵਾਲੇ ਲੋਕਾਂ ਦੀ ਸਮਾਜ ਵਿੱਚ ਬੱਲੇ ਬੱਲੇ ਹੋ ਜਾਂਦੀ ਹੈ। ਬੱਲੇ ਬੱਲੇ ਹੋਣੀ ਕੋਈ ਮਾੜੀ ਗੱਲ ਨਹੀਂ ਪਰ ਬੱਲੇ ਬੱਲੇ ਕਰਨ ਵਾਲਾ ਕਾਮਾ ਵਰਗ ਹੁੰਦਾ ਹੈ ਜਿਸ ਨੂੰ ਖੁਦ ਬਿਜਨਿਸ ਵਾਰੇ ਪਤਾ ਨਹੀਂ ਹੁੰਦਾ। ਫਿਰ ਕਾਮਾ ਵਰਗ ਥਾਂ ਥਾਂ ਇਨ੍ਹਾਂ ਦੀ ਚਾਪਲੂਸੀ ਕਰਦਾ ਦਿਸਦਾ ਹੈ ਜਿਸ ਨਾਲ ਇਹ ਲੋਕ ਤੰਗ ਹੁੰਦੇ ਹੋਏ ਵੀ ਆਪਣੀ ਸੰਤੁਸ਼ਟੀ ਕਰ ਲੈਂਦੇ ਹਨ। ਇਨ੍ਹਾਂ ਲੋਕਾਂ ਦੀ ਇੱਕ ਪਹਿਚਾਣ ਇਹ ਵੀ ਹੈ ਕਿ ਇਹ ਤੁਹਾਨੂੰ ਜਦੋਂ ਵੀ ਮਿਲਣਗੇ ਕਾਹਲੀ ਵਿੱਚ ਹੋਣਗੇ। ਜਦੋਂ ਕਿਤੇ ਇਨ੍ਹਾਂ ਨੂੰ ਪੁਛੋ ਕਿ ਤੁਸੀਂ ਕਦੇ ਮਿਲੇ ਨਹੀਂ ਉਹ ਅੱਗੋਂ ਕਹਿਣਗੇ ਕਿ ਕੰਮਕਾਰ ਬਹੁਤ ਬਿਜ਼ੀ ਹੈ। ਬਹੁਤ ਜਿਆਦਾ ਬਿਜ਼ੀ ਹੋਣਾ ਅਮੀਰੀ ਦੀ ਨਿਸ਼ਾਨੀ ਨਹੀਂ ਹੁੰਦਾ। ਇਹ ਸੰਘਰਸ਼ (ਜੱਦੋ ਜਹਿਦ) ਦੀ ਨਿਸ਼ਾਨੀ ਹੁੰਦੀ ਹੈ। ਇਸ ਕੈਟੇਗਰੀ ਵਿੱਚ ਵੀ ਤੁਸੀਂ ਆਪਣਾ ਸਮਾਂ ਵੇਚ ਕੇ ਪੈਸੇ ਬਣਾਉਂਦੇ ਹੋ। ਭਾਵ ਤੁਸੀਂ ਪੈਸੇ ਲਈ ਕੰਮ ਕਰਦੇ ਹੋ।

ਕਾਰੋਬਾਰ (Business):- ਉੱਪਰ ਵਾਲੀ ਕੈਟੇਗਰੀ ਵਿਚੋਂ ਤਕਰੀਬਨ ਇੱਕ ਪ੍ਰਤੀਸ਼ਤ ਦੇ ਕਰੀਬ ਲੋਕ ਪੈਸਾ ਬਣਾ ਕੇ ਆਪਣਾ ਕਾਰੋਬਾਰ ਸ਼ੁਰੂ ਕਰਦੇ ਹਨ। ਉਨ੍ਹਾਂ ਕੋਲ ਆਪਣਾ ਪੈਸਾ ਜਿਆਦਾ ਹੋਣ ਕਰਕੇ ਕਰਜ਼ਾ ਵੀ ਜਿਆਦਾ ਮਿਲ ਜਾਂਦਾ ਹੈ। ਇਹ ਫਿਰ ਬਿਜਨਿਸ ਖਰੀਦਦੇ ਹਨ ਜੋ ਇਨ੍ਹਾਂ ਤੋਂ ਬਿਨਾਂ ਚੱਲ ਸਕੇ। ਇਸ ਤਰ੍ਹਾਂ ਦੇ ਬਿਜਨਿਸਾਂ ਨੂੰ ਕਾਮੇ ਹੀ ਚਲਾ ਲੈਂਦੇ ਹਨ। ਮਾਲਕ ਨੂੰ ਉਥੇ ਜਾਣ ਦੀ ਲੋੜ ਨਹੀਂ ਪੈਂਦੀ। ਕਈ ਵਾਰ ਮਾਲਕ ਹੋਰ ਮੁਲਕ ਵਿੱਚ ਰਹਿ ਕੇ ਵੀ ਕੰਮ ਚਲਾ ਲੈਂਦਾ ਹੈ। ਇਸ ਤਰ੍ਹਾਂ ਦੇ ਕਾਰੋਬਾਰਾਂ ਵਿੱਚ ਬਹੁਤ ਕੁੱਝ ਆਟੋਮੈਟਿਕ

ਕਰ ਦਿੱਤਾ ਜਾਂਦਾ ਹੈ ਤਾਂ ਕਿ ਮਾਲਕ ਦੀ ਲੋੜ ਹੀ ਨਾਂ ਪਵੇ। ਇਸ ਤਰ੍ਹਾਂ ਦੇ ਕਾਰੋਬਾਰ ਵਿੱਚ ਮਾਲਕ ਨੂੰ ਕਾਰੋਬਾਰ ਤੇ ਨਾਂ ਜਾਣ ਤੋਂ ਬਿਨਾਂ ਹੀ ਬਹੁਤ ਪੈਸਾ ਬਚਣ ਲੱਗ ਪੈਂਦਾ ਹੈ। ਇਸ ਵਿੱਚ ਸੁਪਰ ਮਾਰਕੀਟਾਂ, ਪੰਪਾਂ ਦੀ ਚੇਨ, ਠੇਕਿਆਂ ਦੀ ਚੇਨ ਅਤੇ ਹੋਰ ਉਹ ਵੱਡੇ ਬਿਜਨਿਸ ਸ਼ਾਮਿਲ ਹੁੰਦੇ ਹਨ ਜਿਥੇ ਮਾਲਕ ਨਹੀਂ ਆਉਂਦੇ ਜਾਂ ਉਥੇ ਮਾਲਕ ਤੁਹਾਨੂੰ ਨਹੀਂ ਦਿਸਦੇ। ਇਸ ਕੈਟੇਗਰੀ ਵਿੱਚ ਪੈਸਾ ਤੁਹਾਡੇ ਵਾਸਤੇ ਕੰਮ ਕਰਦਾ ਹੈ। ਤੁਸੀਂ ਪੈਸੇ ਵਾਸਤੇ ਨਹੀਂ।

ਇਨਵੈਸਟਮੈਂਟ (Investment):– ਉਪਰੋਕਤ ਕਾਰੋਬਾਰ (Business) ਕੈਟੇਗਰੀ ਵਿੱਚ ਬਿਜਨਸਮੈਨ ਬਹੁਤ ਪੈਸੇ ਬਣਾ ਲੈਂਦਾ ਹੈ ਅਤੇ ਬੈਂਕ ਤੋਂ ਉਸ ਨੂੰ ਬਹੁਤਾ ਵਿਆਜ਼ ਨਹੀਂ ਮਿਲਦਾ। ਇਸ ਕਰਕੇ ਉਹ ਪੈਸਾ ਪਾਰਕ ਕਰਨ ਵਾਸਤੇ ਜਗਾ ਲੱਭਦਾ ਹੈ ਜਿਥੇ ਉਸ ਨੂੰ ਆਮਦਨ ਵੀ ਹੋਵੇ ਅਤੇ ਨਾਲ ਦੀ ਨਾਲ ਉਹ ਬੈਂਕ ਤੋਂ ਕਰਜ਼ਾ ਲੈ ਕੇ ਉਸ ਤੋਂ ਵੀ ਆਮਦਨ ਪੈਦਾ ਕਰ ਸਕੇ। ਫਿਰ ਉਹ ਜ਼ਮੀਨ, ਘਰ, ਸਟੌਕ ਮਾਰਕੀਟ ਜਾਂ ਸ਼ੇਅਰ ਮਾਰਕੀਟ ਵਗੈਰਾ ਵਿੱਚ ਇਨਵੈਸਟ ਕਰਦਾ ਹੈ। ਜੇ ਉਹ ਸਹੀ ਫੈਸਲਾ ਕਰਦਾ ਹੈ ਤਾਂ ਉਸ ਨੂੰ ਇਸ ਵਿਚੋਂ ਸੁੱਤੇ ਹੋਇਆਂ ਵੀ ਆਮਦਨ ਆਉਂਦੀ ਰਹਿੰਦੀ ਹੈ। ਇਸ ਕੈਟੇਗਰੀ ਵਿੱਚ ਵੀ ਪੈਸਾ ਤੁਹਾਡੇ ਲਈ ਕੰਮ ਕਰਦਾ ਹੈ ਤੁਸੀਂ ਪੈਸੇ ਲਈ ਨਹੀਂ।

ਵੱਡਾ ਫਰਕ :– ਪਹਿਲੀਆਂ ਦੋ ਕੈਟੇਗਰੀਆਂ ਵਿੱਚ ਤੁਸੀਂ ਪੈਸੇ ਲਈ ਕੰਮ ਕਰਦੇ ਹੋ ਤੇ ਆਖਰੀ ਦੋ ਕੈਟੇਗਰੀਆਂ ਵਿੱਚ ਪੈਸਾ ਤੁਹਾਡੇ ਲਈ ਕੰਮ ਕਰਦਾ ਹੈ।

ਨੋਟ :– ਉਪਰੋਕਤ ਸਾਰੀਆਂ ਕੈਟੇਗਰੀਆਂ ਵਿੱਚ ਸਖਤ ਮਿਹਨਤ ਦੀ ਲੋੜ ਪੈਂਦੀ ਹੈ। ਕਿਸੇ ਵਿੱਚ ਵੀ ਸੁੱਖਾਂ ਸੁਖਣ, ਰੱਬ ਨੂੰ ਮੰਨਣ ਜਾਂ ਕਿਸਮਤ ਨੂੰ ਮੰਨਣ ਜਾਂ ਨਾਂ ਮੰਨਣ ਨਾਲ ਕੋਈ ਫਰਕ ਨਹੀਂ ਪੈਂਦਾ। ਤੁਹਾਡੇ ਕੀਤੇ ਹੋਏ ਫੈਸਲਿਆਂ ਮੁਤਾਬਕ ਨਤੀਜੇ ਸਾਹਮਣੇ ਆਉਂਦੇ ਹਨ।

❖❖❖❖❖

# ਸੋਚ ਦਾ ਸਫ਼ਰ

## ਭਾਗ 1




## ਅਵਤਾਰ ਤਰਕਸ਼ੀਲ ਨਿਊਜ਼ੀਲੈਂਡ

ਜੱਦੀ ਪਿੰਡ ਖੁਰਦਪੁਰ (ਜਲੰਧਰ)

Mobile: +64 21 392 147

Email: avtar31@hotmail.com



*ਸੰਪਾਦਨ:*

ਪੰਜਾਬ ਵਿਰਾਸਤ ਭਵਨ ਅਤੇ ਲਾਇਬ੍ਰੇਰੀ ਆਕਲੈਂਡ

202 ਗ੍ਰੇਟ ਸਾਊਥ ਰੋਡ, ਮੈਨੁਰੇਵਾ, ਆਕਲੈਂਡ - 2102